
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ
# ਦੇਸ਼ ਦੁਆਬਾ
VOL - 7 ISSUE - 51
April 3, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਗੁਰਪੁਰਬ ਦਿਹਾੜਾ



(ਰਿਪੋਰਟ ਦੇਖੋ ਸਫਾ 7 'ਤੇ ਅਤੇ ਤਸਵੀਰਾਂ ਦੇਖੋ ਸਫਾ 11, 12, 13 'ਤੇ)



ਬਾਬੂ ਮੰਗੂ ਰਾਮ ਮੁੱਗੋਵਾਲੀਆ (ਗਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ) ਬਾਰੇ, ਡਾ. ਜਸਵੰਤ ਰਾਏ ਦੀ ਲਿਖੀ ਅਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਕਿਤਾਬ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਭੇਂਟ ਕਰਦੇ ਹੋਏ।

## ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ 30ਵਾਂ ਸਭਿਆਚਾਰਕ ਮੇਲਾ 18 ਮਈ ਨੂੰ

**ਸੈਕਰਾਮੈਂਟੋ-** ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ 30 ਮਾਰਚ 2019 ਨੂੰ ਮਾਊਂਟ ਮਾਈਕ ਪੀਜਾ ਵਿਖੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੀ ਪ੍ਰਧਾਨਗੀ ਹੇਠ 30ਵੇਂ ਸਭਿਆਚਾਰਕ ਮੇਲੇ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਹੋਈ। ਇਹ



ਮੇਲਾ 18 ਮਈ ਦਿਨ ਸ਼ਨਿਚਰਵਾਰ ਨੂੰ 3 ਵਜੇ ਸ਼ੈਲਡਨ ਹਾਈ ਸਕੂਲ ਵਿਖੇ ਹੋ ਰਿਹਾ ਹੈ। ਇਸ ਮੀਟਿੰਗ ਵਿਚ ਇਕ ਅਹਿਮ ਫੈਸਲਾ ਲਿਆ ਗਿਆ ਹੈ, ਜਿਸ ਤਹਿਤ ਵਿਸਾਖੀ ਮੇਲੇ ਅਤੇ ਤੀਆਂ ਦੇ ਮੇਲੇ ਨੂੰ ਇਕੱਠਿਆਂ ਮਨਾਇਆ ਜਾਵੇਗਾ ਜੋ ਕਿ ਜੂਨ ਜਾਂ ਜੁਲਾਈ ਮਹੀਨੇ ਵਿਚ ਮਨਾਇਆ ਜਾਵੇਗਾ, ਜਿਸ ਦਾ ਨਾਂ ਸਭਿਆਚਾਰਕ ਮੇਲਾ ਹੋਵੇਗਾ। ਦੋਹਾਂ ਮੇਲਿਆਂ ਦੇ ਕਲਾਕਾਰ ਇਕ ਹੀ ਮੇਲੇ 'ਚੋਂ ਆਪਣੀ ਕਲਾ ਦੇ ਜੌਹਰ ਦਿਖਾਇਆ ਕਰਨਗੇ ਅਤੇ ਮੇਲੇ ਦੀ ਰੌਣਕ ਦੁੱਗਣੀ ਹੋਇਆ ਕਰੇਗੀ।

ਮੀਟਿੰਗ ਵਿਚ ਸਭ ਤੋਂ ਪਹਿਲਾਂ ਪਿਛਲੇ ਸਾਲਾਂ ਦਾ ਹਿਸਾਬ ਕਿਤਾਬ ਦਿੱਤਾ ਗਿਆ। ਫਿਰ ਮੇਲੇ ਨੂੰ ਖੂਬਸੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸੁਝਾਅ ਮੰਗੇ। ਮੇਲੇ ਦੀ ਕੋਈ ਫੀਸ ਨਹੀਂ ਹੋਵੇਗੀ। ਸਕਿਊਰਟੀ ਦਾ ਬਹੁਤ ਹੀ ਵਧੀਆ ਪ੍ਰਬੰਧ ਹੋਵੇਗਾ। ਅਖੀਰ ਵਿਚ ਸੁਸਾਇਟੀ ਦੇ ਫਾਊਂਡਰ ਰਸ਼ਪਾਲ ਫਰਵਾਲਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਪਿਛਲੇ

**(ਬਾਕੀ ਸਫਾ 7 'ਤੇ)**

# ਅਕਾਲੀ ਦਲ, ਕਾਂਗਰਸ ਵੱਲੋਂ ਉਮੀਦਵਾਰਾਂ ਦੇ ਐਲਾਨ ਨਾਲ ਭਖੀ ਪੰਜਾਬ ਦੀ ਸਿਆਸਤ

## ਅਕਾਲੀ ਦਲ ਦੇ ਚੰਦੂਮਾਜਰਾ ਆਨੰਦਪੁਰ ਸਾਹਿਬ, ਰੱਖੜਾ ਪਟਿਆਲਾ ਅਤੇ ਗੁਰੂ ਫਤਿਹਗੜ੍ਹ ਸਾਹਿਬ ਤੋਂ ਲੜਨਗੇ ਚੋਣ

**ਚੰਡੀਗੜ੍ਹ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਨੇ ਆਗਾਮੀ ਲੋਕ ਸਭਾ ਚੋਣਾਂ ਲਈ ਤਿੰਨ ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਐਲਾਨੇ ਗਏ ਉਮੀਦਵਾਰਾਂ ਦੀ ਗਿਣਤੀ ਪੰਜ ਹੋ ਗਈ ਹੈ ਪਰ ਦੋ ਅਹਿਮ ਹਲਕਿਆਂ ਬਠਿੰਡਾ ਅਤੇ ਫ਼ਿਰੋਜ਼ਪੁਰ ਤੋਂ ਉਮੀਦਵਾਰਾਂ ਦਾ ਐਲਾਨ ਅਜੇ ਤੱਕ ਨਹੀਂ



ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਟਿੰਗ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸ੍ਰੀ ਆਨ-ਦਪੁਰ ਸਾਹਿਬ, ਸਾਬਕਾ ਆਈ.ਏ.ਐਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਪਟਿਆਲਾ ਹਲਕੇ ਤੋਂ ਰੱਖੜਾ ਦੀ ਟੱਕਰ ਸ਼ਾਹੀ ਘਰਾਣੇ ਦੀ ਉਮੀਦਵਾਰ ਤੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਅਤੇ 'ਆਪ' ਦੇ ਬਾਗੀ ਆਗੂ ਤੇ ਸਿਟਿੰਗ ਮੈਂਬਰ ਡਾ. ਧਰਮਵੀਰ ਗਾਂਧੀ ਨਾਲ ਹੋਵੇਗੀ।

**(ਬਾਕੀ ਸਫਾ 7 'ਤੇ)**

## ਕਾਂਗਰਸ ਵੱਲੋਂ ਜਾਖੜ, ਪਰਨੀਤ ਕੌਰ, ਬਿੱਟੂ, ਔਜਲਾ, ਚੌਧਰੀ, ਬਾਂਸਲ ਤੇ ਚੱਬੇਵਾਲ ਦੇ ਨਾਵਾਂ 'ਤੇ ਮੋਹਰ

**ਚੰਡੀਗੜ੍ਹ (ਬਿਊਰੋ)-** ਕਾਂਗਰਸ ਹਾਈਕਮਾਨ ਨੇ ਚਾਰ ਮੌਜੂਦਾ ਲੋਕ ਸਭਾ ਮੈਂਬਰਾਂ ਸਮੇਤ ਸੱਤ ਉਮੀਦਵਾਰਾਂ ਦੇ ਨਾਵਾਂ 'ਤੇ ਮੋਹਰ ਲਾ ਦਿੱਤੀ ਹੈ। ਕਾਂਗਰਸ ਦੀ ਐਸਸੀ



ਸੈੱਲ ਦੇ ਚੇਅਰਮੈਨ ਅਤੇ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਹੁਸ਼ਿਆਰਪੁਰ (ਰਾਖਵਾਂ) ਤੋਂ ਟਿਕਟ ਲੈਣ ਵਿਚ ਕਾਮਯਾਬ ਹੋ ਗਏ ਹਨ।

**(ਬਾਕੀ ਸਫਾ 7 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



BJ
SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga




RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ-ਲੱਖ ਵਧਾਈਆਂ



Shri Sukhraj Singh Chopra with his wife Smt. Roshni Chopra



ਸ ਮਹਿੰਦਰ ਸਿੰਘ ਮਾਹੀ (ਸੀਨੀਅਰ ਵਾਈਸ ਪ੍ਰੈਜ਼ੀਡੈਂਟ) ਸ੍ਰੀ ਸੁਖਰਾਜ ਚੋਪੜਾ ਜੀ ਦਾ ਸਨਮਾਨ ਕਰਦੇ ਹੋਏ

## ਸ੍ਰੀ ਸੁਖਰਾਜ ਚੋਪੜਾ ਅਤੇ ਬੀਬੀ ਰੌਸ਼ਨੀ ਚੋਪੜਾ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਰੱਲ੍ਹ ਪਰਿਵਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਇਆ





















**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸਵ: ਸ੍ਰੀ ਪ੍ਰੀਤਮ ਦਾਸ ਜੀ, ਸਵ. ਮਾਤਾ ਸ੍ਰੀ ਮਤੀ ਪ੍ਰੀਤਮ ਕੌਰ ਜੀ ਦੇ ਪਰਿਵਾਰ ਸ੍ਰੀ ਬਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ ਗੁਰੂ ਘਰ), ਸ੍ਰੀ ਪੁਸ਼ਪਾ ਰੱਲ੍ਹ, ਕਾਕਾ ਰਾਹੁਲ ਰੱਲ੍ਹ, ਕਾਕਾ ਸਾਹਿਲ ਰੱਲ੍ਹ, ਬੇਟੀ ਏਂਜਲ, ਪੁਸ਼ਪਾ ਰੱਲ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਿਤੀ ਮਾਰਚ 29, 30, 31 ਮਾਰਚ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੱਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 29 ਮਾਰਚ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ। ਜਿਹਨਾਂ ਦੇ ਭੋਗ 31 ਮਾਰਚ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਰਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਗੁਰਦੇਵ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਲ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਰੱਲ੍ਹ ਪਰਿਵਾਰ। ਸ੍ਰੀ ਜੀਤ ਰਾਮ ਰੱਲ੍ਹ, ਸ੍ਰੀ ਬਲਵਿੰਦਰ ਕੁਮਾਰ, ਸ਼੍ਰੀ ਸ਼ਿੰਗਾਰਾ ਸਿੰਘ ਰੁੱ (ਜਨਰਲ ਸੈਕਟਰੀ ਗੁਰੂ ਘਰ) ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ, ਜਨਰਲ ਸੈਕਟਰੀ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ।

### ਸ੍ਰੀ ਗੁਰੂ ਰਵਿਦਾਸ ਟੈਂਪਲ ਯੂਸ਼ਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਮਿਤੀ 12, 13, 14 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।

**12 ਅਪ੍ਰੈਲ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**14 ਅਪ੍ਰੈਲ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

14 ਅਪ੍ਰੈਲ ਦਿਨ ਐਤਵਾਰ ਨੂੰ ਸਵੇਰ ਦੇ ਦੀਵਾਨਾਂ ਵਿਚ ਵੈਸਾਖਿ ਮਹੀਨੇ ਦੀ ਸੰਗ੍ਰਾਂਦਿ ਮਨਾਈ ਜਾਵੇਗੀ ਜੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਖਾਲਸੇ ਦਾ ਜਨਮ ਦਿਹਾੜਾ, ਵਿਸਾਖੀ ਪੁਰਬ ਦੀ ਖੁਸ਼ੀ ਵਿਚ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 19, 20, 21 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।

**19 ਅਪ੍ਰੈਲ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**21 ਅਪ੍ਰੈਲ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਬਾਸੀ ਪਰਿਵਾਰ, ਸਹੋਤਾ ਪਰਿਵਾਰ, ਕੰਦੋਲਾ ਪਰਿਵਾਰ ਵੱਲੋਂ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਅਪ੍ਰੈਲ 26, 27, 28 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।

**26 ਅਪ੍ਰੈਲ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।**

**28 ਅਪ੍ਰੈਲ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

# ਲਵਿੰਸਟਨ ਦੇ ਗੁਰਦੁਆਰਾ ਸਾਹਿਬ ਵੱਲੋਂ 21 ਵਾਂ ਮਹਾਨ ਨਗਰ ਕੀਰਤਨ






**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਮੁੱਚੀ ਦੁਨੀਆਂ ਅੰਦਰ ਵਿਸਾਖੀ ਅਤੇ ਹੌਲੇ-ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਹੋ ਰਹੇ ਹਨ। ਇਸੇ ਲੜੀ ਅਧੀਨ ਕੈਲੀਫੋਰਨੀਆਂ ਦੇ ਸ਼ਹਿਰ ਲਵਿੰਸਟਨ ਦੇ ਗੁਰਦੁਆਰਾ ਸਾਹਿਬ ਵੱਲੋਂ 21 ਵਾਂ ਮਹਾਨ ਨਗਰ ਕੀਰਤਨਵਾਂ ਨਗਰ ਕੀਰਤਨ ਬਹੁਤ ਹੀ ਚੜਦੀ ਕਲਾ ਵਿੱਚ ਸੰਪਨ ਹੋਇਆ। ਇਸ ਨਗਰ ਕੀਰਤਨ ਨੂੰ ਦੇਖ ਕੇ ਪੰਜਾਬ ਦੀ ਯਾਦ ਤਾਜਾ ਹੋ ਰਹੀ।

ਇਹ ਨਗਰ ਕੀਰਤਨ ਅਮਰੀਕਾ ਵਿੱਚ ਨਵੇਂ ਵਸੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਸੀ। ਗੁਰੂਘਰ ਵਿਖੇ ਚਲ ਰਹੇ ਅਖੰਡ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜੇ। ਜਿੱਥੇ ਧਰਮ ਪ੍ਰਚਾਰਕ ਅਤੇ ਕੀਰਤਨੀ ਜੱਥਿਆਂ ਨੇ ਹਾਜ਼ਰੀਆਂ ਭਰੀ। ਇਸ ਉਪਰੰਤ ਨਗਰ ਕੀਰਤਨ ਦੀ ਸੁਰੂਆਤ ਰਿਵਾਇਤ ਅਨੁਸਾਰ ਸ਼ਹਿਰ ਦੇ ਮੁੱਖ ਅਧਿਕਾਰੀਆਂ, ਗੁਰੂਘਰ ਦੇ ਸੇਵਾਦਾਰਾਂ ਅਤੇ ਸਮੂੰਹ ਸਾਧ-ਸੰਗਤ ਦੀ ਹਾਜ਼ਰੀ ਵਿੱਚ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਦੇ ਝੰਡੇ ਨੂੰ ਸਨਮਾਨ ਦਿੰਦੇ ਹੋਏ ਹੋਈ। ਇਸ ਉਪਰੰਤ ਗੁਰਮਤਿ ਮਰਿਆਦਾ ਅਨੁਸਾਰ ਪੰਜ ਕੇਸ਼ਰੀ ਨਿਸ਼ਾਨ ਸਾਹਿਬ ਲੈ ਕੇ ਚਲਦੇ ਹੋਏ ਸਿੰਘ ਅਤੇ ਉਪਰੰਤ ਪੰਜ ਪਿਆਰੇ ਅਗਵਾਈ ਕਰ ਰਹੇ ਸਨ। ਇਸ ਬਾਅਦ ਬਹੁਤ ਹੀ ਖੂਬਸੂਰਤ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਸਨ।

ਇਸ ਸਮੇਂ 'ਸਿੱਖ ਰਾਈਡਰਜ਼ ਸੈਟਰ ਵੈਲੀ' ਦੇ ਮੋਟਰ-ਸਾਈਕਲ ਸਵਾਰ ਵੀ ਨਗਰ-ਕੀਰਤਨ ਦੇ ਅੱਗੇ ਚਲ ਰਹੇ ਸਨ। ਸਜੇ ਫਲੋਟਾ ਤੋਂ ਇਲਾਵਾ ਸੰਗਤਾਂ ਪੈਂਦਲ ਪਾਲਕੀ ਸਾਹਿਬ ਨਾਲ ਚਲ ਰਹੀਆਂ ਸਨ। ਸਮੁੱਚਾ ਵਾਤਾਵਰਨ ਕੇਸ਼ਰੀ, ਪੀਲੀਆਂ, ਨੀਲੀਆਂ ਅਤੇ ਹੋਰ ਰੰਗ ਬਰੰਗੀਆਂ ਚੁੰਨੀਆਂ ਅਤੇ ਦਸ਼ਤਾਰਾ ਨਾਲ ਸਜ਼ਿਆ ਨਵੇਂ ਪੰਜਾਬ ਦੀ ਤਸਵੀਰ ਪੇਸ਼ ਕਰ ਰਿਹਾ ਸੀ। ਗੁਰੂਘਰ ਅੰਦਰ ਲੰਗਰ ਸੰਗਤਾਂ ਲਈ ਵੰਨ ਸਵੰਨੇ ਖਾਣੇ ਦੀ ਸੇਵਾ ਕਰ ਰਹੇ ਸਨ। ਇੱਥੋਂ ਦੇ ਗੋਰੇ ਅਤੇ ਮੈਕਸ਼ੀਕਨ ਮੂਲ ਦੇ ਲੋਕ ਵੀ ਪੰਜਾਬੀ ਪਹਿਰਾਵੇ ਵਿੱਚ ਇਸ ਨਗਰ ਕੀਰਤਨ ਦਾ ਅਨੰਦ ਮਾਣ ਰਹੇ ਸਨ।

ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਸੁਰੱਖਿਆਂ, ਗੱਡੀਆਂ ਦੀ ਪਾਰਕਿੰਗ ਅਤੇ ਲੰਗਰਾਂ ਦੇ ਉਚੇਚੇ ਪ੍ਰਬੰਧ ਕੀਤੇ ਹੋਏ ਸਨ। ਅੰਤ ਸ਼ਹਿਰ ਦੇ ਮਿੱਥੇ ਪੈਂਡੇ ਦੀ ਪ੍ਰਕਰਮਾ ਕਰਦਾ ਹੋਇਆ ਨਗਰ ਕੀਰਤਨ ਗੁਰੂਘਰ ਪਹੁੰਚ ਸਮਾਪਤ ਹੋਣ 'ਤੇ ਯਾਦਗਾਰੀ ਹੋ ਨਿਬੜਿਆ।

# ਭਾਰਤੀ ਸੈਟੇਲਾਈਟ ਦੇ ਕੱਚਰੇ ਤੋਂ ਆਈਐੱਸਐੱਸ ਨੂੰ ਖ਼ਤਰਾ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਮੁਖੀ ਨੇ ਭਾਰਤ ਦੇ ਮਿਸ਼ਨ ਸ਼ਕਤੀ ਨੂੰ ਭਿਆਨਕ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਇਸ ਨਾਲ ਪੁਲਾੜ ਵਿਚ ਕਰੀਬ 400 ਟੁਕੜਿਆਂ ਦਾ ਮਲਬਾ ਫੈਲ ਗਿਆ ਹੈ। ਇਸ ਮਲਬੇ ਨਾਲ ਇੰਟਰਨੈਸ਼ਨਲ ਸਪੇਸ ਸਟੇਸ਼ਨ (ਆਈਐੱਸਐੱਸ) ਨੂੰ 44 ਫ਼ੀਸਦੀ ਖ਼ਤਰਾ ਵੱਧ ਗਿਆ ਹੈ। ਉਨ੍ਹਾਂ ਨੇ ਹਾਲਾਂਕਿ ਇਹ ਵੀ ਕਿਹਾ ਕਿ ਚੰਗੀ ਗੱਲ ਹੈ ਕਿ ਇਹ ਟੁਕੜੇ ਧਰਤੀ ਦੇ ਪੰਧ ਤੋਂ ਕਾਫ਼ੀ ਹੇਠਾਂ ਹਨ ਅਤੇ ਸਮੇਂ ਦੇ ਨਾਲ ਸਾਰੇ ਨਸ਼ਟ ਹੋ ਜਾਣਗੇ। ਭਾਰਤ ਨੇ ਪਿਛਲੇ ਹਫ਼ਤੇ ਪੁਲਾੜ ਵਿਚ ਆਪਣੇ ਇਕ ਸੈਟੇਲਾਈਟ ਨੂੰ ਡੇਗ ਕੇ ਉਪਗ੍ਰਹਿ ਨੂੰ ਡੇਗਣ ਵਾਲੀ ਮਿਜ਼ਾਈਲ ਏ-ਸੈਟ ਦਾ ਤਜਰਬਾ ਕੀਤਾ ਸੀ। ਭਾਰਤ ਇਹ ਉਪਲੱਬਧੀ ਹਾਸਲ ਕਰਨ ਵਾਲਾ ਅਮਰੀਕਾ, ਰੂਸ ਅਤੇ ਚੀਨ ਪਿੱਛੋਂ ਚੌਥਾ ਦੇਸ਼ ਹੈ। ਭਾਰਤ ਨੇ ਇਸ ਤਜਰਬੇ ਪਿੱਛੋਂ ਕਿਹਾ ਸੀ ਕਿ ਇਹ ਨਿਸ਼ਚਿਤ ਕਰਨ ਲਈ ਹੇਠਲੇ ਪੰਧ ਵਿਚ ਤਜਰਬਾ ਕੀਤਾ ਗਿਆ ਤਾਂਕਿ ਸੈਟੇਲਾਈਟ ਦਾ ਮਲਬਾ ਨਸ਼ਟ ਹੋ ਕੇ ਕੁਝ ਹਫ਼ਤਿਆਂ ਪਿੱਛੋਂ ਧਰਤੀ 'ਤੇ ਡਿੱਗ ਜਾਏ।



ਨਾਸਾ ਦੇ ਪ੍ਰਸ਼ਾਸਕ ਜਿਮ ਬ੍ਰਾਈਡੈਂਸਟਾਈਨ ਨੇ ਸੋਮਵਾਰ ਨੂੰ ਇਕ ਪ੍ਰੋਗਰਾਮ ਨੇ ਕਿਹਾ ਕਿ ਭਵਿੱਖ ਦੇ ਮਨੁੱਖ ਪੁਲਾੜ ਮੁਹਿੰਮ ਦੇ ਲਿਹਾਜ਼ ਨਾਲ ਇਸ ਤਰ੍ਹਾਂ ਦੀ ਗਤੀਵਿਧੀ ਅਨੁਕੂਲ ਨਹੀਂ ਹੈ। ਭਾਰਤ ਦੇ ਇਸ ਤਜਰਬੇ ਨਾਲ ਪੁਲਾੜ ਵਿਚ ਕਰੀਬ 400 ਟੁੱਕੜਿਆਂ ਦਾ ਮਲਬਾ ਫੇਲ ਗਿਆ ਹੈ। ਸਾਰੇ ਟੁਕੜੇ ਏਨੇ ਵੱਡੇ ਨਹੀਂ ਹਨ ਕਿ ਉਨ੍ਹਾਂ ਦਾ ਪਤਾ ਲਗਾਇਆ ਜਾ ਸਕੇ। ਨਾਸਾ ਅਜੇ 10 ਸੈਂਟੀਮੀਟਰ ਜਾਂ ਇਸ ਤੋਂ ਵੱਡੇ ਟੁੱਕੜਿਆਂ ਦਾ ਪਤਾ ਲਗਾ ਰਿਹਾ ਹੈ। ਕਰੀਬ 60 ਟੁਕੜਿਆਂ ਦਾ ਪਤਾ ਲਗਾ ਲਿਆ ਗਿਆ ਹੈ। ਇਨ੍ਹਾਂ ਵਿਚੋਂ 24 ਟੁਕੜੇ ਆਈਐੱਸਐੱਸ ਲਈ ਖ਼ਤਰਾ ਪੈਦਾ ਕਰ ਰਹੇ ਹਨ। ਉਨ੍ਹਾਂ ਦੂਜੇ ਦੇਸ਼ਾਂ ਵੱਲੋਂ ਵੀ ਇਸੇ ਤਰ੍ਹਾਂ ਦਾ ਤਜਰਬਾ ਕੀਤੇ ਜਾਣ ਦੀ ਸ਼ੰਕਾ ਪ੍ਰਗਟ ਹੋਏ ਕਿਹਾ ਕਿ ਜਦੋਂ ਇਕ ਦੇਸ਼ ਅਜਿਹਾ ਕਰਦਾ ਹੈ ਤਾਂ ਦੂਜੇ ਦੇਸ਼ਾਂ ਨੂੰ ਵੀ ਲੱਗਦਾ ਹੈ ਕਿ ਉਨ੍ਹਾਂ ਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ। ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਅਮਰੀਕਾ ਐਂਟੀ-ਸੈਟੇਲਾਈਟ ਮਿਜ਼ਾਈਲ ਤਜਰਬੇ 'ਤੇ ਭਾਰਤ ਦੀ ਤਾਰੀਫ਼ ਕਰ ਚੁੱਕਾ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਭਾਰਤ ਨਾਲ ਆਪਣੇ ਮਜ਼ਬੂਤ ਰਣਨੀਤਕ ਸਹਿਯੋਗ ਨੂੰ ਜਾਰੀ ਰੱਖਦੇ ਹੋਏ ਅਸੀਂ ਪੁਲਾੜ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਸਾਂਝੇ ਹਿੱਤਾਂ ਲਈ ਕੰਮ ਕਰਦੇ ਰਹਾਂਗੇ।



# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮੂੰਹ ਸੰਗਤਾਂ ਵੱਲੋਂ ਐਤਵਾਰ ਦੇ ਹਫਤਾਵਰੀ ਦਿਵਾਨ ਸਜਾਏ ਗਏ






ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮੂੰਹ ਸਾਧਸੰਗਤਿ ਵਲੋਂ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਵਾਸਤੇ ਐਤਵਾਰ, 31 ਮਾਰਚ ਨੂੰ ਹਫਤਾਵਰੀ ਦਿਵਾਨ ਸਜਾਏ ਗਏ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁ-ਆਰਾ ਨਿਹਾਲ ਕੀਤਾ।

**ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮ:**

ਸਟੇਜ਼ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀਆਂ ਜਾਣਕਾਰੀਆਂ ਦਿੰਦੇ ਹੋਏ ਦੱਸਿਆ ਕਿ ਦਿਨ ਸ਼ਨੀਵਾਰ, 6 ਅਪ੍ਰੈਲ ਨੂੰ ਗੁਰੂਘਰ ਵਿਖੇ ਸ਼ਾਮਾਂ ਦੇ ਦਿਵਾਨ ਸ਼ਾਮ 4 ਵਜੇ ਤੋਂ 6 ਵਜੇ ਤੱਕ ਸਜਾਏ ਜਾਣਗੇ ਜਿਸ ਵਿੱਚ ਸੰਤ ਜਸਵਿੰਦਰ ਸਿੰਘ ਜੀ ਖੈਰੜ ਅੱਛਰਵਾਲ ਵਾਲੇ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਵੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ। ਇਨ੍ਹਾਂ ਸਮਾਗਮਾਂ ਦੀ ਸੇਵਾ ਸਵਰਗਵਾਸੀ ਸ਼੍ਰੀ ਕੁਲਦੀਪ ਮਹਿਮੀ ਜੀ ਦੇ ਪਰਿਵਾਰ ਵਲੋਂ ਹੋ ਰਹੀ ਹੈ।

ਐਤਵਾਰ, ਅਪ੍ਰੈਲ 7 ਨੂੰ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਲਈ ਹਫਤਾਵਾਰੀ ਸਮਾਗ਼ਮ ਸਮੂੰਹ ਸੰਗਤਾਂ ਵੱਲੋਂ ਸਜਾਏ ਜਾਣਗੇ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦਿਵਾਨ ਸਜਾਏ ਜਾਣਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street
Rio Linda, CA-95673
ਗੁਰੂਘਰ ਫ਼ੋਨ (916) 992-1710
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538
ਸ਼੍ਰੀ ਤੇਜਪਾਲ ਵਿਰਕ ਜੀ (916) 912-5678

# ਮੇਰਾ ਰੰਗ ਦੇ ਬਸੰਤੀ ਚੋਲਾ 23 ਮਾਰਚ 2019 ਅਮਰ ਸ਼ਹੀਦਾਂ ਦੀ ਯਾਦ 'ਚ 88 ਵਾਂ ਸਾਲ




ਸ਼ਹੀਦ ਭਗਤ ਸਿੰਘ, ਰਾਜਗੁਰੂ (ਸ਼ਿਵ ਰਾਮ), ਸੁੱਖਦੇਵ। ਇਹ ਤਿੰਨ ਦੇਸ਼ ਭਗਤਾਂ ਨੇ 23-3-1931 ਨੂੰ ਹਿੰਦੁਸਤਾਨ ਦੀ ਅਜ਼ਾਦੀ ਵਾਸਤੇ ਜੰਗ ਦੇ ਹਵਨ ਕੁੰਡ ਦੀ ਅਗਨੀ ਨੂੰ ਪ੍ਰਚੰਡ ਕਰਨ ਲਈ ਫਾਂਸੀ ਦੇ ਫੰਦੇ ਨੂੰ ਚੁੰਮਿਆ। ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ, ਚੰਦਰ ਸ਼ੇਖਰ ਅਜ਼ਾਦ, ਜਤਿੰਦਰ ਨਾਥ ਦਾਸ, ਜੈ ਗੋਪਾਲ, ਸਾਚੀ ਵੋਹਰਾ, ਬੀ.ਕੇ.ਦੱਤ, ਜੈ ਦੇਵ ਕਪੂਰ ਇੰਨਾਂ ਦੇ ਨਾਮ ਸ਼ਹੀਦਾਂ ਦੇ ਸਾਥ ਨਾਲ ਜ਼ਿਕਰਯੋਗ ਹਨ। ਅਮਰ ਸ਼ਹੀਦ ਮਨੁੱਖੀ ਸਮਾਨਤਾ ਤੇ ਲੁੱਟ ਰਹਿਤ ਸਮਾਜ ਦੀ ਸਿਰਜਨਾ ਸੋਚ ਦੇ ਹਿਤੈਸ਼ੀ ਸਨ ਜੋ ਅੱਜ ਤੱਕ ਅਧੂਰੀ ਹੈ। ਸਾਨੂੰ ਸਭ ਨੂੰ ਮਨੁੱਖਤਾ ਲਈ ਕੁਰਬਾਨ ਹੋਏ ਪ੍ਰਵਾਨਿਆਂ ਨੂੰ ਯਾਦ ਕਰਕੇ ਮਨੁੱਖੀ ਫਰਜ ਨਿਭਾਉਣ ਤੇ ਅੱਗਲੇ ਕਦਮ ਵਧਾਉਣ ਲਈ ਤੱਤਪਰ ਹੋਣਾ ਚਾਹੀਦਾ ਹੈ ਜੋ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**ਵੱਲੋਂ:-ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ**

# ਪਾਕਿਸਤਾਨ ਨੂੰ ਸਤਾ ਰਿਹੈ ਕੌਮਾਂਤਰੀ ਪਾਬੰਦੀਆਂ ਦਾ ਡਰ

**ਲਾਹੌਰ-** ਅੱਤਵਾਦ ਦੇ ਮਾਮਲੇ 'ਚ ਆਲਮੀ ਪੱਧਰ 'ਤੇ ਘਿਰੇ ਪਾਕਿਸਤਾਨ ਨੂੰ ਹੁਣ ਕੌਮਾਂਤਰੀ ਪਾਬੰਦੀਆਂ ਦਾ ਡਰ ਸਤਾਉਣ ਲੱਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਭਾਰਤ ਦੀ ਪੈਰਵੀ ਕਾਰਨ ਫਾਈਨਾਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀਐੱਫ) ਉਨ੍ਹਾਂ ਦੇ ਮੁਲਕ ਨੂੰ ਕਾਲੀ ਸੂਚੀ 'ਚ ਪਾ ਸਕਦਾ ਹੈ। ਪਾਕਿਸਤਾਨ ਨੂੰ ਜੇਕਰ ਗ੍ਰੇ ਸੂਚੀ 'ਚ ਯਾਨੀ ਨਿਗਰਾਨੀ ਸੂਚੀ 'ਚ ਵੀ ਕਾਇਮ ਰੱਖਿਆ ਜਾਂਦਾ ਹੈ ਤਾਂ ਦੇਸ਼ ਨੂੰ ਸਾਲਾਨਾ ਦਸ ਅਰਬ ਡਾਲਰ (ਕਰੀਬ 69 ਹਜ਼ਾਰ ਕਰੋੜ ਰੁਪਏ) ਦਾ ਨੁਕਸਾਨ ਹੋ ਸਕਦਾ ਹੈ। ਪਾਕਿਸਤਾਨ ਅਜੇ ਗ੍ਰੇ ਸੂਚੀ 'ਚ ਹੈ।

ਕੁਰੈਸ਼ੀ ਨੇ ਸੋਮਵਾਰ ਸ਼ਾਮ ਨੂੰ ਇੱਥੇ ਕਿਹਾ, ਜੇਕਰ ਪਾਕਿਸਤਾਨ ਨੂੰ ਐੱਫਏਟੀਐੱਫ ਵੱਲੋਂ ਕਾਲੀ ਸੂਚੀ 'ਚ ਪਾਇਆ ਜਾਂਦਾ ਹੈ ਤਾਂ ਇਸ ਨਾਲ ਹੋਣ ਵਾਲੇ ਸਾਲਾਨਾ ਨੁਕਸਾਨ ਦਾ ਵਿਦੇਸ਼ ਵਿਭਾਗ ਅੰਦਾਜ਼ਾ ਲਗਾ ਰਿਹਾ ਹੈ। ਭਾਰਤ ਇਸ ਲਈ ਲਾਬਿੰਗ ਕਰ ਰਿਹਾ ਹੈ। ਸਰਕਾਰ ਦਾ ਅੰਦਾਜ਼ਾ ਹੈ ਕਿ ਜੇਕਰ ਪਾਕਿਸਤਾਨ ਨੂੰ ਗ੍ਰੇ ਸੂਚੀ 'ਚ ਵੀ ਕਾਇਮ ਰੱਖਿਆ ਜਾਂਦਾ ਹੈ ਤਾਂ ਸਾਲਾਨਾ ਦਸ ਅਰਬ ਡਾਲਰ ਦਾ ਨੁਕਸਾਨ ਹੋਵੇਗਾ। ਬੀਤੀ 14 ਫਰਵਰੀ ਨੂੰ ਜੰਮੂ-ਕਸ਼ਮੀਰ ਦੇ ਪੁਲਵਾਮਾ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਕੌਮਾਂਤਰੀ ਭਾਈਚਾਰੇ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਹਮਲੇ ਦੀ ਪਾਕਿਸਤਾਨ ਤੋਂ ਕੰਮ ਕਰਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਜ਼ਿੰਮੇਵਾਰੀ ਲਈ ਸੀ। ਇਸ ਘਟਨਾ ਤੋਂ ਬਾਅਦ ਐੱਫਏਟੀਐੱਫ ਦੇ ਮਾਹਰਾਂ ਦੀ ਇਕ ਟੀਮ ਨੇ ਇਹ ਸਮੀਖਿਆ ਕਰਨ ਲਈ ਪਾਕਿਸਤਾਨ ਦਾ ਦੌਰਾ ਕੀਤਾ ਸੀ ਕਿ ਉਹ ਮੁਲਕ ਗ੍ਰੇ ਸੂਚੀ 'ਚੋਂ ਨਿਕਲਣ ਲਈ ਆਲਮੀ ਮਾਪਦੰਡਾਂ ਮੁਤਾਬਕ ਕੰਮ ਕਰ ਰਿਹਾ ਹੈ ਜਾਂ ਨਹੀਂ।

ਕੀ ਹੈ ਗ੍ਰੇ ਸੂਚੀ ਐੱਫਏਟੀਐੱਫ ਨੇ ਬੀਤੇ ਜੂਨ ਮਹੀਨੇ ਪਾਕਿਸਤਾਨ ਨੂੰ ਗ੍ਰੇ ਸੂਚੀ 'ਚ ਪਾ ਦਿੱਤਾ ਸੀ। ਇਸ ਸੂਚੀ 'ਚ ਉਨ੍ਹਾਂ ਦੇਸ਼ਾਂ ਨੂੰ ਰੱਖਿਆ ਜਾਂਦਾ ਹੈ ਜਿਨ੍ਹਾਂ ਦੇ ਕਾਨੂੰਨ ਨੂੰ ਮਨੀ ਲਾਂਡ੍ਰਿੰਗ ਤੇ ਅੱਤਵਾਦੀ ਫੰਡਿੰਗ ਨਾਲ ਨਜਿੱਠਣ 'ਚ ਕਮਜ਼ੋਰ ਮੰਨਿਆ ਜਾਂਦਾ ਹੈ।

SKY TRANSPORT SOLUTIONS
STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਹੋਵੇਗਾ ਸਮਰਪਿਤ- ਗਾਖਲ












**ਵਾਟਸਨਵਿੱਲ (ਐੱਸ.ਅਸ਼ੋਕ.ਭੌਰਾ) –** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ (ਅਮਰੀਕਾ) ਦੀ ਇਕ ਅਹਿਮ ਤੇ ਮਹੱਤਵਪੂਰਨ ਬੈਠਕ ਇੱਥੇ ਏ.ਆਈ ਟਰੱਕਿੰਗ ਦੇ ਮੁੱਖ ਦਫਤਰ ਵਿਚ ਸ੍ਰ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸ੍ਰ. ਗਾਖਲ ਨੇ ਕਿਹਾ ਕਿ ਇਸ ਵਾਰ 15 ਸਤੰਬਰ ਦੇ 15ਵੇਂ ਵਿਸ਼ਵ ਕੱਬਡੀ ਕੱਪ 'ਤੇ ਕਰਵਾਇਆ ਜਾਣ ਵਾਲਾ ਸੰਗੀਤਕ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ ਤੇ ਸਰਬ-ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ ਕਿ ਇਹ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਸਮੂਹ ਖੇਡ ਪ੍ਰੇਮੀਆਂ ਅਤੇ ਪੰਜਾਬੀਆਂ ਨੂੰ ਸਿੱਖ ਕੌਮ ਦੇ ਇਸ ਮਹਾਨ ਤੇ ਇਤਿਹਾਸਕ ਵਰ੍ਹੇ 'ਤੇ ਇਸ ਕਬੱਡੀ ਕੱਪ ਲਈ ਪਹਿਲਾਂ ਨਾਲੋਂ ਵੀ ਵਧ ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਮੌਕੇ 'ਤੇ ਕੁਝ ਧਾਰਮਿਕ ਸਖਸ਼ੀਅਤਾਂ ਦਾ ਉਚੇਚੇ ਤੌਰ 'ਤੇ ਸਨਮਾਨ ਕਰਨ ਦਾ ਫੈਸਲਾ ਲਿਆ ਗਿਆ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਮਾਣ ਨਾਲ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ 'ਤੇ ਹੋਣ ਵਾਲਾ ਇਹ ਵਿਸ਼ਵ ਕਬੱਡੀ ਕੱਪ ਵੀ ਇਤਿਹਾਸ ਹੋਵੇਗਾ ਤੇ ਦੁਨੀਆਂ ਭਰ ਦੇ ਨਾਮੀ ਕਬੱਡੀ ਖਿਡਾਰੀਆਂ ਦੀ ਸ਼ਿਰਕਤ ਦੇ ਨਾਲ ਨਾਲ ਇਸ ਮਾਂ ਖੇਡ ਕਬੱਡੀ ਨੂੰ ਮਾਣ ਸਤਿਕਾਰ ਤੇ ਰੁਤਬਾ ਦਵਾਉਣ ਵਾਲੇ ਸਾਬਕਾ ਕਬੱਡੀ ਖਿਡਾਰੀਆਂ ਨੂੰ ਵੀ ਉਚੇਚੇ ਤੌਰ 'ਤੇ ਮਾਣ ਸਨਮਾਨ ਲਈ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਵੇਗਾ। ਇਸ ਮੀਟਿੰਗ ਵਿਚ ਉਪ ਚੇਅਰਮੈਨ ਸ੍ਰ. ਇਕਬਾਲ ਸਿੰਘ ਗਾਖਲ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਤਕਨੀਕੀ ਸਲਾਹਕਾਰ ਤੀਰਥ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ ਸ਼ਾਮਿਲ ਹੋਏ। ਇਕਬਾਲ ਸਿੰਘ ਗਾਖਲ ਨੇ ਕਿਹਾ ਇਹ ਖੇਡ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਹੀ ਕਰਵਾਇਆ ਜਾਂਦਾ ਹੈ ਤੇ ਯੂਨਾਈਟਡ ਸਪੋਰਟਸ ਕਲੱਬ ਆਏ ਵਰ੍ਹੇ ਇਸ ਖੇਡ ਮੇਲੇ ਨੂੰ ਹੋਰ ਵੀ ਸਿਖਰਾਂ ਤੱਕ ਲੈ ਕੇ ਜਾਣ ਲਈ ਵਚਨਬੱਧ ਤੇ ਕਾਰਜਸ਼ੀਲ ਰਹੇਗਾ। ਉਨ੍ਹਾਂ ਕਿਹਾ ਕਿ ਬੇਏਰੀਆ ਸਪੋਰਟਸ ਕਲੱਬ ਆਪਣੀ ਕਬੱਡੀ ਟੀਮ ਪਹਿਲਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਕਬੱਡੀ ਕੱਪ ਲਈ ਆਪਣੀ ਜੇਤੂ ਰਵਾਇਤ ਕਾਇਮ ਰੱਖਣ ਦੀ ਸੋਚ ਨਾਲ ਉੱਤਰੇਗੀ। ਸ੍ਰ. ਗਾਖਲ ਨੇ ਸਮੂਹ ਸਿੱਖ ਜਗਤ ਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਓ ਰਲ ਕੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਪੰਜਾਬੀਆਂ ਦੇ ਖੇਡ ਵਿਰਾਸਤ ਨਾਲ ਜੋੜ ਕੇ ਮਨਾਈਏ ਅਤੇ ਨੌਜਵਾਨਾਂ ਤੇ ਵਿਦੇਸ਼ਾਂ 'ਚ ਵਸਦੀ ਪੀੜ੍ਹੀ ਨੂੰ ਹੋਰ ਕੁਰੀਤੀਆਂ ਤੋਂ ਦੂਰ ਕਰਕੇ ਧਰਮ 'ਤੇ ਖੇਡਾਂ ਨਾਲ ਜੋੜੀਏ।





# ਬਿਨਾਂ ਸ਼ਰਤ ਭਾਜਪਾ ਵਿੱਚ ਸ਼ਮੂਲੀਅਤ ਕੀਤੀ: ਖਾਲਸਾ

**ਅੰਮ੍ਰਿਤਸਰ–** ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਅੱਜ ਇੱਥੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਆਖਿਆ ਕਿ ਉਹ ਬਿਨਾਂ ਸ਼ਰਤ ਭਾਜਪਾ ਵਿੱਚ ਸ਼ਾਮਲ ਹੋਏ ਹਨ। ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਖਾਲਸਾ ਨੇ ਆਖਿਆ ਕਿ ਉਨ੍ਹਾਂ ਬਿਨਾਂ ਕਿਸੇ ਸ਼ਰਤ ਅਤੇ ਮੰਗ ਤੋਂ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਹੈ। ਭਾਜਪਾ ਨਾਲ ਉਨ੍ਹਾਂ ਦੀ ਪੁਰਾਣੀ ਨੇੜਤਾ ਰਹੀ ਹੈ। ਅੰਮ੍ਰਿਤਸਰ ਸੰਸਦੀ ਹਲਕੇ ਤੋਂ ਭਾਜਪਾ ਵੱਲੋਂ ਸਿੱਖ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਨ ਦੀ ਚਰਚਾ ਬਾਰੇ ਉਨ੍ਹਾਂ ਆਖਿਆ ਕਿ ਅਜਿਹੀ ਕੋਈ ਮੰਗ ਉਨ੍ਹਾਂ ਨਹੀਂ ਕੀਤੀ ਹੈ। ਉਨ੍ਹਾਂ ਆਖਿਆ ਕਿ ਉਹ ਭਾਜਪਾ ਉਮੀਦਵਾਰਾਂ ਲਈ ਪ੍ਰਚਾਰ ਕਰਨਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਫਲ ਪ੍ਰਧਾਨ ਮੰਤਰੀ ਕਰਾਰ ਦਿੰਦਿਆਂ ਆਮ ਆਦਮੀ ਪਾਰਟੀ ਵਿੱਚ ਰਹਿ ਚੁੱਕੇ ਸ੍ਰੀ ਖਾਲਸਾ ਨੇ ਆਖਿਆ ਕਿ ਦੇਸ਼ ਦਾ ਭਵਿੱਖ, ਆਰਥਿਕਤਾ, ਸੁਰੱਖਿਆ ਆਦਿ ਸ੍ਰੀ ਮੋਦੀ ਦੀ ਅਗਵਾਈ ਹੇਠ ਭਾਜਪਾ ਦੇ ਹੱਥਾਂ ਵਿੱਚ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਉਹ ਭਾਜਪਾ ਦੇ ਆਮ ਵਰਕਰ ਬਣ ਕੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀਆਂ ਨੀਤੀਆਂ ਦਾ ਪ੍ਰਚਾਰ ਕਰਨਗੇ। 'ਆਪ' ਆਗੂ ਭਗਵੰਤ ਮਾਨ ਵੱਲੋਂ ਇਹ ਆਖੇ ਜਾਣ ਕਿ ਉਨ੍ਹਾਂ ਦਾ ਸ਼ੁਰੂ ਤੋਂ ਹੀ ਭਾਜਪਾ ਵੱਲ ਝੁਕਾਅ ਸੀ, ਬਾਰੇ ਉਨ੍ਹਾਂ ਸਿੱਧਾ ਕੁਝ ਕਹਿਣ ਦੀ ਥਾਂ ਆਖਿਆ ਕਿ ਭਗਵੰਤ ਮਾਨ ਬੜੇ ਗੰਭੀਰ ਕਿਸਮ ਦੇ ਵਿਅਕਤੀ ਹਨ ਅਤੇ ਉਹ ਖੁਦ ਮਖੌਲੀਆ ਵਿਅਕਤੀ ਹਨ, ਇਸ ਲਈ ਉਹ ਉਨ੍ਹਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ। ਉਨ੍ਹਾਂ ਆਖਿਆ ਕਿ 'ਆਪ' ਨੂੰ ਉਸ ਵੇਲੇ ਪੰਜਾਬ ਵਿੱਚ ਮਜ਼ਬੂਤ ਕੀਤਾ ਸੀ, ਜਦੋਂ ਉਸ ਦੀ ਕੋਈ ਹੋਂਦ ਨਹੀਂ ਸੀ। ਇਹ ਪਾਰਟੀ ਉਸ ਵੇਲੇ ਸਿਰਫ ਹਵਾ ਵਿੱਚ ਸੀ। ਉਨ੍ਹਾਂ ਸਮੇਤ ਹੋਰ ਆਗੂਆਂ ਨੇ ਪਾਰਟੀ ਬਣਾਈ ਪਰ ਯੂਪੀ, ਬਿਹਾਰ ਤੋਂ ਆਏ ਲੋਕਾਂ ਨੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਦੌਰਾਨ ਉਨ੍ਹਾਂ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਵੀ ਕਰੜੇ ਹੱਥੀਂ ਲਿਆ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਉਹ ਭਾਜਪਾ ਦੇ ਦਫਤਰ ਵੀ ਗਏ ਜਿੱਥੇ ਭਾਜਪਾ ਆਗੂਆਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਅਨੰਦ ਸ਼ਰਮਾ ਤੇ ਹੋਰ ਹਾਜ਼ਰ ਸਨ।

# ਇੰਗਲੈਂਡ ਤੋਂ ਉੱਠੀ ਬੀਬੀ ਪਰਮਜੀਤ ਕੌਰ ਖਾਲੜਾ ਦੇ ਹੱਕ ਵਿੱਚ ਆਵਾਜ਼

**ਲੰਡਨ (ਮਨਦੀਪ ਖੁਰਮੀ)–** ਰਾਜਨੀਤਕ ਪਾਰਟੀਆਂ ਦੇ ਆਗੂ ਜਾਂ ਸਮਰਥਕ ਆਪਣੀ ਪਸੰਦੀਦਾ ਪਾਰਟੀ ਦੇ ਹੱਕ ਵਿੱਚ ਭੁਗਤਦੇ ਬਹੁਤ ਦੇਖੇ ਹੋਣਗੇ ਪਰ ਇਹ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ ਕਿ ਵੱਖੋ ਵੱਖਰੀਆਂ ਪਾਰਟੀਆਂ ਦੇ ਸੁਭਚਿੰਤਕ ਵੀ ਬੀਬੀ ਪਰਮਜੀਤ ਕੌਰ ਖਾਲੜਾ ਦੇ ਹੱਕ ਵਿੱਚ ਨਿੱਤਰ ਰਹੇ ਹਨ। ਜਿਕਰਯੋਗ ਹੈ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵੱਲੋਂ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਬਦਲੇ ਰਾਖ ਬਣਾ ਦਿੱਤੇ ਗਏ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਹੈ। ਇਸ ਫੈਸਲੇ ਨਾਲ ਜਿੱਥੇ ਵੱਖ ਵੱਖ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਮੋਰਚੇ ਦੇ ਆਗੂਆਂ ਦਾ ਮੋਢਾ ਥਾਪੜਿਆ ਜਾ ਰਿਹਾ ਹੈ, ਉੱਥੇ ਸ੍ਰ: ਖਾਲੜਾ ਦੇ ਨਿਸ਼ਕਾਮ ਕਾਰਜਾਂ ਅਤੇ ਸ਼ਹਾਦਤ ਨੂੰ ਯਾਦ ਰੱਖਣ ਵਾਲੇ ਲੋਕ ਵੀ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਆਪ ਮੁਹਾਰੇ ਬੀਬੀ ਖਾਲੜਾ ਦੇ ਸਮਰਥਨ ਵਿੱਚ ਹਲਕੇ ਦੇ ਲੋਕਾਂ ਨੂੰ ਬੇਨਤੀਆਂ ਕਰ ਰਹੇ ਹਨ। ਇੰਗਲੈਂਡ ਦੇ ਸ਼ਹਿਰ ਗ੍ਰੇਵਜੈਂਡ ਵਸਦੇ ਨੌਜਵਾਨ ਆਗੂ ਗੁਰਤੇਜ ਸਿੰਘ ਪੰਨੂੰ ਨਾ ਸਿਰਫ ਪਹਿਲਾਂ ਅਕਾਲੀ ਦਲ (ਬ) ਦੇ ਸਮਰਥਕ ਸਨ ਸਗੋਂ ਹੁਣ ਨਵੇਂ ਬਣੇ ਟਕਸਾਲੀ ਅਕਾਲੀ ਦਲ ਦੇ ਵੀ ਨੇੜੇ ਸਨ। ਉਹਨਾਂ ਰਾਜਨੀਤਕ ਆਗੂਆਂ ਨਾਲ ਲਿਹਾਜਬਾਜ਼ੀ ਨੂੰ ਪਾਸੇ ਰੱਖ ਕੇ ਬੀਬੀ ਪਰਮਜੀਤ ਕੌਰ ਖਾਲੜਾ ਜੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੋਈ ਹੈ। ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਤੇਜ ਸਿੰਘ ਪੰਨੂੰ ਨੇ ਕਿਹਾ ਕਿ ਲਾਸ਼ਾਂ ਵਿੱਚ ਤਬਦੀਲ ਕਰ ਦਿੱਤੇ ਗਏ ਪੰਜਾਬ ਦੇ ਪੁੱਤ ਚਾਹੇ ਸਿੱਖ ਸਨ ਜਾਂ ਗੈਰ ਸਿੱਖ, ਪਰ ਸ੍ਰ: ਜਸਵੰਤ ਸਿੰਘ ਖਾਲੜਾ ਨੇ ਉਹਨਾਂ ਨੂੰ ਪੰਜਾਬ ਦੇ ਪੁੱਤ ਸਮਝ ਕੇ ਉਹਨਾਂ ਦੇ ਹੱਕ ਵਿੱਚ ਨਿੱਤਰੇ। ਉਹਨਾਂ ਨੇ ਗੁਆਚੇ ਪੁੱਤਾਂ ਦੇ ਮੁੜ ਪਰਤ ਆਉਣ ਦੀ ਉਡੀਕ ਵਿੱਚ ਬੈਠੇ ਮਾਪਿਆਂ ਨੂੰ ਇਨਸਾਫ ਦੁਆਉਣ ਲਈ ਹੀ ਆਪਣੇ ਐਸ਼ੋ-ਆਰਾਮ ਨੂੰ ਤਿਲਾਂਜਲੀ ਦਿੱਤੀ ਸੀ। ਮਾਨਵੀ ਅਧਿਕਾਰਾਂ ਦੀ ਰਾਖੀ ਹਿਤ ਹੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਦਾ ਸਦਾ ਲਈ ਚਿੱਟੀ ਚੁੰਨੀ ਨਾਲ ਸਿਰ ਢਕਣਾ ਪਿਆ। ਉਹਨਾਂ ਕਿਹਾ ਕਿ ਬੇਸ਼ੱਕ ਹੁਣ ਤੱਕ ਵੱਖ ਵੱਖ ਪਾਰਟੀਆਂ ਅਜਿਹੇ ਮਸਲਿਆਂ ਉੱਪਰ ਸਿਆਸਤ ਖੇਡਦੀਆਂ ਆਈਆਂ ਹਨ ਪਰ ਅੱਜ ਤੱਕ ਖਾਲੜਾ ਪਰਿਵਾਰ ਨੂੰ ਅੱਗੇ ਨਾ ਆਉਣ ਦਿੱਤਾ ਗਿਆ। ਮੋਰਚੇ ਦੀ ਸਮੁੱਚੀ ਲੀਡਰਸਿਪ ਇਸ ਫੈਸਲੇ ਲਈ ਵਧਾਈ ਦੀ ਪਾਤਰ ਹੈ। ਸਾਡਾ ਸਮੂਹ ਪੰਜਾਬੀਆਂ ਦਾ ਫਰਜ਼ ਬਣਦੈ ਕਿ ਉਹ ਖਡੂਰ ਸਾਹਿਬ ਹਲਕੇ ਅੰਦਰ ਵਸਦੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਕੇ ਬੀਬੀ ਖਾਲੜਾ ਦੇ ਹੱਕ ਵਿੱਚ ਨਿੱਤਰਨ ਦੀ ਅਪੀਲ ਕਰਨ।



# ਸਿਆਟਲ ਦੀ ਉਰਵਸੀ ਬਿਊਟੀ ਸਲੂਨ ਅੰਤਰ ਰਾਸ਼ਟਰੀ ਪੱਧਰ 'ਤੇ ਸਰਵਸ਼੍ਰੇਸਠ ਖਿਤਾਬ ਨਾਲ ਸਨਮਾਨਿਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਅਤੇ ਬੈਲਵੀਓ ਵਿਚ ਉਰਵਸੀ ਬਿਊਟੀ ਸਲੂਨ ਨੂੰ ਅੰਤਰ ਰਾਸ਼ਟਰੀ ਸਰਵੇ ਅਨੁਸਾਰ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਚ ਸਰਵਸ਼੍ਰੇਸਟ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਸੰਨੀ ਰਾਜ ਨੇ ਦੱਸਿਆ ਕਿ ਅੰਤਰ ਰਾਸ਼ਟਰੀ ਪੱਧਰ 'ਤੇ ਸਰਵੇ ਕੀਤਾ ਗਿਆ, ਜਿਸ ਵਿਚ ਉਰਵਸੀ ਬਿਊਟੀ ਸਲੂਨ ਨੂੰ ਪਹਿਲੇ ਦਰਜੇ 'ਤੇ ਆਉਣ ਦਾ ਮਾਣ ਮਿਲਿਆ। ਗੁਰਦੀਪ ਸਿੰਘ ਸਿੱਧੂ, ਪਰਦੀਪ ਕੁਮਾਰ ਤੇ ਰੋਹਿਤ ਕੁਮਾਰ ਸਮੇਤ ਸਿਆਟਲ ਦੇ ਚਹੇਤਿਆਂ ਨੇ ਮੋਨਿਕਾ ਰਾਣੀ ਤੇ ਪੂਰੀ ਟੀਮ ਨੂੰ ਵਧਾਈਆਂ ਦਿੱਤੀਆਂ। ਤਸਵੀਰ ਵਿਚ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਚ ਮੋਨਿਕਾ ਰਾਣੀ, ਅਨੁਰਾਧਾ ਰਾਣੀ ਤੇ ਸਹਿਯੋਗੀ ਮੈਂਬਰਾਂ ਨੂੰ ਅੰਤਰ ਰਾਸ਼ਟਰੀ ਸੰਮੇਲਨ ਵਿਚ ਸਰਵਸ਼੍ਰੇਸ਼ਟ ਖਿਤਾਬ ਨਾਲ ਸਨਮਾਨਿਤ ਕਰਦੇ ਹੋਏ।

# ਚੰਦਰਮਾ 'ਤੇ ਫਿਰ ਮਨੁੱਖ ਨੂੰ ਉਤਾਰਨ ਦੀ ਤਿਆਰੀ 'ਚ ਅਮਰੀਕਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਕਰੀਬ ਪੰਜ ਦਹਾਕੇ ਬਾਅਦ ਚੰਦਰਮਾ 'ਤੇ ਦੁਬਾਰਾ ਮਨੁੱਖ ਨੂੰ ਉਤਾਰਨ ਦੇ ਮਿਸ਼ਨ ਵਿਚ ਲੱਗ ਗਿਆ ਹੈ। ਉਹ ਅਗਲੇ ਪੰਜ ਸਾਲਾਂ ਵਿਚ ਇਸ ਮੁਹਿੰਮ ਨੂੰ ਪੂਰਾ ਕਰਨਾ ਚਾਹੁੰਦਾ ਹੈ। ਅਲਬਾਮਾ 'ਚ ਨੈਸ਼ਨਲ ਸਪੇਸ ਕੌਂਸਲ ਦੀ ਬੈਠਕ ਵਿਚ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕਿਹਾ, 'ਬੀਤੀ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਦੀ ਤਰ੍ਹਾਂ ਇਸ ਫਿਰ ਪੁਲਾੜ ਦੀ ਹੋੜ ਵਿਚ ਹਾਂ। ਉਦੋਂ ਸਾਡੇ ਸਾਹਮਣੇ ਸੋਵੀਅਤ ਸੰਘ ਸੀ ਅਤੇ ਹੁਣ ਚੀਨ ਹੈ। ਇਸੇ ਕਾਰਨ ਸਾਨੂੰ 2024 ਤਕ ਚੰਦਰਮਾ 'ਤੇ ਪਹੁੰਚਣਾ ਹੀ ਹੋਵੇਗਾ।' ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਅਧਿਕਾਰੀਆਂ ਨੇ ਇਸ ਚੁਣੌਤੀ ਨੂੰ ਸਵੀਕਾਰ ਕਰ ਲਿਆ ਹੈ। ਨਾਸਾ ਦੇ ਜਿਮ ਬ੍ਰਾਈਡੈਂਸਟਾਈਨ ਨੇ ਕਿਹਾ, 'ਅਸੀਂ ਚੁਣੌਤੀ ਸਵੀਕਾਰ ਕਰਦੇ ਹਾਂ। ਹੁਣ ਕੰਮ 'ਤੇ ਲੱਗ ਜਾਣ ਦਾ ਸਮਾਂ ਹੈ।' ਨਾਸਾ ਇਸ ਸਮੇਂ ਆਪਣੇ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਸਪੇਸ ਸਟੇਸ਼ਨ (ਆਈਐੱਸਐੱਸ) 'ਤੇ ਭੇਜਣ ਲਈ ਵੀ ਸੰਘਰਸ਼ ਕਰ ਰਿਹਾ ਹੈ। 2011 ਵਿਚ ਅਮਰੀਕਾ ਦਾ ਸਪੇਸ ਸ਼ਟਲ ਪ੍ਰੋਗਰਾਮ ਖ਼ਤਮ ਹੋ ਗਿਆ ਸੀ। ਉਸ ਤੋਂ ਬਾਅਦ ਏਜੰਸੀ ਪੁਲਾੜ ਯਾਤਰੀਆਂ ਨੂੰ ਆਈਐੱਸਐੱਸ 'ਤੇ ਭੇਜਣ ਲਈ ਰੂਸ ਦੇ ਸੋਯੂਜ ਯਾਨ 'ਤੇ ਨਿਰਭਰ ਹੈ। 1972 ਤੋਂ ਬਾਅਦ ਤੋਂ ਨਾਸਾ ਨੇ ਚੰਦਰਮਾ 'ਤੇ ਵੀ ਕੋਈ ਮਨੁੱਖੀ ਮਿਸ਼ਨ ਨਹੀਂ ਭੇਜਿਆ ਹੈ। ਉਹ 2024 ਤਕ ਚੰਦਰਮਾ ਦੇ ਪੰਧ ਵਿਚ 'ਗੇਟਵੇ' ਸਟੇਸ਼ਨ ਸਥਾਪਤ ਕਰਨ ਅਤੇ 2028 ਵਿਚ ਮਨੁੱਖੀ ਮਿਸ਼ਨ ਲਾਂਚ ਕਰਨ ਦੀ ਤਿਆਰੀ ਵਿਚ ਸੀ।



ਦੇਸ਼ ਦੁਆਬਾ

# ਠੋਸ ਵਾਅਦਿਆਂ ਦੀ ਕਮੀ

ਭਾਰਤ ਵਿਚ ਇਸ ਵਕਤ ਚੋਣਾਂ ਦਾ ਮਾਹੌਲ ਹੈ ਅਤੇ ਅਗਲੇ ਮਹੀਨੇ ਤੋਂ ਵੱਖ-ਵੱਖ ਪੜਾਵਾਂ ਵਿਚ ਵੋਟਾਂ ਪੈਣ ਦਾ ਕੰਮ ਆਰੰਭ ਹੋ ਜਾਵੇਗਾ। ਇਸ ਦਰਮਿਆਨ ਵੱਖ-ਵੱਖ ਸਿਆਸੀ ਪਾਰਟੀਆਂ ਕਈ ਕਿਸਮ ਦੇ ਵਾਅਦੇ ਅਤੇ ਭਰਮ ਵੋਟਰਾਂ ਨੂੰ ਦੇ ਰਹੀਆਂ ਹਨ। ਕਾਂਗਰਸ ਅਤੀ ਗਰੀਬ ਲੋਕਾਂ ਦੇ ਖਾਤਿਆਂ ਵਿਚ 72 ਹਜ਼ਾਰ ਹਰ ਸਾਲ ਪਾਉਣ ਦਾ ਵਾਅਦਾ ਕਰ ਰਹੀ ਹੈ, ਜਦਕਿ ਇਸ ਤੋਂ ਪਹਿਲਾਂ ਭਾਜਪਾ ਵੀ ਅਜਿਹੇ ਹੀ ਵਾਅਦੇ ਕਰ ਚੁੱਕੀ ਹੈ। ਵੋਟਰਾਂ ਨੂੰ ਲਲਚਾਉਣ ਦੇ ਇਹ ਵਾਅਦੇ ਹਕੀਕਤ ਵਿਚ ਕਿੰਨੇ ਕੁ ਸੱਚ ਹੁੰਦੇ ਹਨ, ਇਸ ਦੀਆਂ ਹਜ਼ਾਰਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਇਸ ਦੇ ਬਾਵਜੂਦ ਵੀ ਭਾਰਤ ਵਿਚ ਅਜਿਹੇ ਵਾਅਦੇ ਅਤੇ ਲਾਲਚ ਦੇਣ ਦਾ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ। ਭਾਰਤ ਦੀ ਇਹ ਬਦਕਿਸਮਤੀ ਹੀ ਕਹੀ ਜਾਵੇਗੀ ਕਿ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਸਿਆਸੀ ਲੀਡਰ ਅਜਿਹੇ ਹੀ ਭਰਮਾਊ ਵਾਅਦੇ ਕਰਦੇ ਆ ਰਹੇ ਹਨ ਅਤੇ ਠੋਸ ਅਸਲੀਅਤ ਦੇ ਉਲਟ ਨਾਅਰਿਆਂ ਦੀ ਸਿਆਸਤ ਕਰਦੇ ਆ ਰਹੇ ਹਨ। ਹਾਲ ਹੀ ਵਿਚ ਚਾਰ ਸੂਬਿਆਂ ਦੀਆਂ ਚੋਣਾਂ ਵਿਚ ਵੀ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਪੰਜਾਬ ਵਿਚ ਇਹ ਵਾਅਦਾ ਹੁਣ ਤੱਕ ਪੂਰਾ ਨਹੀਂ ਹੋ ਸਕਿਆ। ਕਿਸਾਨ ਨਿਰੰਤਰ ਸੰਘਰਸ਼ ਕਰ ਰਹੇ ਹਨ ਅਤੇ ਮਜ਼ਦੂਰ ਉਸੇ ਤਰ੍ਹਾਂ ਗਰੀਬੀ ਦੀ ਚੱਕੀ ਵਿਚ ਪਿਸ ਰਹੇ ਹਨ। ਅਜਿਹੇ ਵਾਅਦੇ ਕਰਕੇ ਜਦੋਂ ਕੋਈ ਪਾਰਟੀ ਸੱਤਾ ਵਿਚ ਆ ਜਾਂਦੀ ਹੈ ਤਾਂ ਉਸ ਨੂੰ ਤਲਖ ਹਕੀਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਸੂਬੇ ਜਾਂ ਇਕ ਮੁਲਕ ਦੇ ਕੋਲ ਜਿੰਨੀ ਕੁ ਆਮਦਨ ਜਾਂ ਸਰਮਾਇਆ ਹੁੰਦਾ ਹੈ, ਉਸ ਨਾਲ ਭਾਰਤ ਵਿਚ ਤਾਂ ਸਿਰਫ ਪ੍ਰਸ਼ਾਸਨਿਕ ਵਿਵਸਥਾ ਵੀ ਮੁਸ਼ਕਿਲ ਨਾਲ ਚਲਦੀ ਹੈ। ਬੈਂਕਾਂ ਅਤੇ ਸ਼ਾਹੂਕਾਰਾਂ ਤੋਂ ਲਏ ਕਰਜ਼ਿਆਂ ਵਿਚ ਸਰਕਾਰ ਦਾ ਕੋਈ ਦਖਲ ਨਹੀਂ ਹੁੰਦਾ, ਬਲਕਿ ਇਹ ਲੋਕਾਂ ਦੀ ਸਹੂਲਤ ਲਈ ਹੁੰਦੇ ਹਨ। ਬੈਂਕ ਤਾਂ ਲੋਕਾਂ ਨੂੰ ਕਰਜ਼ਾ ਕੋਈ ਨਾ ਕੋਈ ਸਕਿਊਰਟੀ ਰੱਖ ਕੇ ਦਿੰਦੇ ਹਨ ਪਰ ਸ਼ਾਹੂਕਾਰੀ ਕਰਜ਼ੇ ਨਿਰੇ ਕਾਗਜ਼ਾਂ ਦੇ ਸਿਰ ਤੇ ਚਲਦੇ ਹਨ ਅਤੇ ਹੁਣ ਤਾਂ ਅਜਿਹੇ ਪੁੱਠੇ-ਸਿੱਧੇ ਪ੍ਰਬੰਧ ਸ਼ੁਰੂ ਹੋ ਗਏ ਹਨ ਕਿ ਇਕ ਵਾਰ ਜਿਹੜਾ ਵਿਅਕਤੀ ਕਰਜ਼ੇ ਦੇ ਜਾਲ ਵਿਚ ਫਸ ਗਿਆ, ਵਾਪਸ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਉਪਰੋਂ ਅਜਿਹੇ ਸਿਆਸੀ ਵਾਅਦੇ ਅਤੇ ਲਾਲੀਪੋਪ ਲੋਕਾਂ ਨੂੰ ਹੋਰ ਜ਼ਿਆਦਾ ਨਿਢਾਲ ਹੀ ਕਰਦੇ ਹਨ ਕਿਉਂਕਿ ਹਕੀਕਤ ਵਿਚ ਅਜਿਹਾ ਕੁਝ ਹੁੰਦਾ ਨਹੀਂ, ਜੋ ਵਾਅਦਾ ਕੀਤਾ ਜਾਂਦਾ ਹੈ। ਇਸ ਕਰਕੇ ਲੋਕਾਂ ਨੂੰ ਵੀ ਹੁਣ ਸੋਚਣਾ ਚਾਹੀਦਾ ਹੈ ਕਿ ਜੇਕਰ ਅਜਿਹੇ ਵਾਅਦਿਆਂ ਅਤੇ ਲਾਲੀਪੋਪ ਦੇ ਚੱਕਰ ਵਿਚ ਆ ਕੇ ਉਹ ਕਿਸੇ ਨੂੰ ਵੋਟ ਦਿੰਦੇ ਹਨ ਤਾਂ ਕੀ ਉਹ ਪਾਰਟੀ ਸੱਤਾ ਵਿਚ ਆ ਕੇ ਵਾਅਦਿਆਂ ਨੂੰ ਹਕੀਕਤ ਵਿਚ ਬਦਲ ਸਕਦੀ ਹੈ। ਜੇਕਰ ਕੁਝ ਛੋਟੇ-ਮੋਟੇ ਵਾਅਦੇ ਪੂਰੇ ਕੀਤੇ ਵੀ ਜਾਂਦੇ ਹਨ ਤਾਂ ਇਸ ਦਾ ਭਾਰ ਆਮ ਲੋਕਾਂ ਤੇ ਹੀ ਪੈਂਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-100

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਖੰਡ ਮੰਡਲ ਕੀ ਹਨ?



ਅਵਤਾਰ ਸਿੰਘ ਮਿਸ਼ਨਰੀ
510-432-5827

ਖੰਡ-ਖੰਡ ਦੇ ਪ੍ਰਕਰਣ ਅਨੁਸਾਰ ਵੱਖ ਵੱਖ ਅਰਥ ਨੇ ਜਿਵੇਂ-ਦੇਸ਼ ਤੇ ਬ੍ਰਹਮੰਡ ਦੇ ਹਿੱਸੇ-ਗਾਵਹਿ ਖੰਡ ਮੰਡਲ ਵਰਭੰਡਾ..॥(ਜਪੁਜੀ) ਕੁਦਰਤ ਦੇ ਨਿਯਮ 'ਚ ਬੱਧੇ ਖੰਡ, ਮੰਡਲ ਤੇ ਵਰਭੰਡ ਕਰਤੇ ਨੂੰ ਗਾ ਰਹੇ ਭਾਵ ਹੁਕਮ 'ਚ ਚੱਲ ਰਹੇ ਹਨ। ਧਰਤੀ ਦਾ ਹਿੱਸਾ-ਖੰਡ ਦੀਪ ਸਭ ਭੀਤਰਿ ਰਵਿਆ..॥(੫੩੫) ਤੇ ਉਹ ਕਰਤਾ ਧਰਤੀ ਦੇ ਖੰਡ ਦੀਪ ਆਦਿਕ ਹਰੇਕ ਭਾਗ ਵਿੱਚ ਰਵਿਆ ਹੋਇਆ ਹੈ। ਮੰਜ਼ਲ-ਧਰਮ ਖੰਡ ਕਾ ਏਹੋ ਧਰਮ॥(ਜਪੁਜੀ) ਜਿੰਦਗੀ ਦੀਆਂ ਪੰਜ ਅਵੱਸਥਾਵਾਂ ਧਰਮ, ਗਿਆਨ, ਸਰਮ, ਕਰਮ ਅਤੇ ਸੱਚ ਖੰਡ ਆਦਿਕ ਖੰਡ (ਮੰਜ਼ਲਾਂ) ਜਿੰਨ੍ਹਾਂ ਨਾਲ ਜਿੰਦਗੀ ਸੰਪੂਰਨ ਹੁੰਦੀ ਹੈ। ਹਿੱਸੇ (ਭਾਗ)-ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ॥ ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ(੯੪) ਸੱਤ ਦੀਪ, ਸੱਤ ਸਮੁੰਦਰ, ਨੌਂ ਖੰਡ, ਚਾਰ ਵੇਦ ਅਤੇ ਅਠਾਰਾਂ ਪੁਰਾਣ ਲਿਖਣ ਵਾਲਿਆਂ ਇਨ੍ਹਾਂ ਸਭ 'ਚ ਤੂੰ ਹੀ ਵਸਦਾ ਹੈਂ। ਕਮੀ, ਘਾਟ, ਨਾਸ ਹੋਣਾ-ਭਗਤਿ ਵਿਹੂਣਾ ਖੰਡ ਖੰਡ॥ ਬਿਨੁ ਬੂਝੇ ਜਮੁ ਦੇਤ ਡੰਡ॥(੧੧੯੨) ਰੱਬੀ ਭਗਤੀ ਭਾਵ ਉਸ ਦੇ ਨਿਯਮਾਂ ਤੋਂ ਟੁੱਟਿਆ ਟੁਕੜੇ ਟੁਕੜੇ ਕਰਕੇ ਨਾਸ ਹੁੰਦਾ ਤੇ ਆਤਮਕ ਜੀਵਨ ਦੀ ਸੋਝੀ ਬਿਨਾ ਜੀਵ ਆਪਣੇ ਆਪ ਨੂੰ ਜਮ (ਮੌਤ) ਦਾ ਡਰ ਰੂਪ ਸਜਾ ਦਿੰਦਾ ਰਹਿੰਦਾ ਹੈ। ਟੁਕੜੇ-ਖੰਡ ਖੰਡ ਕਰ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥(੬੫੮) ਮੱਛੀ ਦੇ ਛੋਟੇ ਛੋਟੇ ਟੁਕੜੇ ਕਰਕੇ ਭੋਜਨ ਕੀਤਾ ਗਿਆ ਫਿਰ ਵੀ ਪੇਟ 'ਚ ਪਈ ਪਾਨੀ ਮੰਗਦੀ ਹੈ। ਨਿਵਾਤ (ਚਿੱਟੀ ਸ਼ੱਕਰ)-ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਝਾ ਦੁੱਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥(੧੩੭੯) ਹੇ ਫਰੀਦ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਅਤੇ ਮਾਝਾ ਦੁੱਧ ਆਦਿਕ ਇਹ ਸਾਰੀਆਂ ਵਸਤੂਆਂ ਮਿੱਠੀਆਂ ਹਨ ਪਰ ਤੇਰੀ ਪ੍ਰੇਮ ਯਾਦ ਤੱਕ ਇਨ੍ਹਾਂ ਦੀ ਮਿਠਾਸ ਨਹੀਂ ਅੱਪੜਦੀ ਪਰ ਤੇਰਾ ਪਿਆਰ ਇਨ੍ਹਾਂ ਸਬ ਤੋਂ ਵੱਧ ਮਿੱਠਾ ਹੈ। ਭਾਗ, ਦਰਜਾ, ਮੰਡਲ, ਅਸਥਾਨ, ਦੇਸ਼, ਕਾਂਡ, ਭੂਮਿਕਾ ਆਦਿਕ ਹਨ।

ਮੰਡਲ-ਗੋਲਾਕਾਰ ਘੇਰਾ (ਸਰਕਲ) ਉਹ ਇਲਾਕਾ ਜਿਸ 'ਚ ਬਾਰਾਂ ਰਾਜੇ ਜੁਦੇ ਜੁਦੇ ਰਾਜ ਕਰਦੇ ਹੋਣ-ਕੇਤੇ ਮੰਡਲ ਦੇਸ॥ ਸੰਸਾਰ-ਮਰਣ ਲਿਖਾਇ ਮੰਡਲ ਮਹਿ ਆਇ॥(ਸ਼ਬਦ ਗੁਰੂ ਗ੍ਰੰਥ) ਭਾਵ ਸੰਸਾਰ'ਚ ਆਏ ਜੀਵ ਜਨਮ ਤੋਂ ਬਾਅਦ ਸਮੇ ਨਾਲ ਮਰਦੇ ਵੀ ਹਨ-ਜੋ ਜਨਮੇ ਸੋ ਜਾਨਹੁ ਮੂਆ॥ ਗੋਬਿੰਦ ਭਗਤੁ ਸ਼ਥਿਰੁ ਹੈ ਥੀਆ॥(੩੭੬) ਪਰ ਪ੍ਰਭੂ ਭਗਤ ਉਸ ਦੇ ਅਟੱਲ ਨਿਯਮਾਂ ਨੂੰ ਜਾਣਦਾ ਹੋਇਆ ਮੌਤ ਦੇ ਸਹਿਮ ਵੱਲੋਂ ਅਡੋਲ-ਚਿੱਤ ਹੋ ਜਾਂਦਾ ਹੈ। ਸਭਾ,ਦੀਵਾਨ-ਸੰਤ ਮੰਡਲ ਮਹਿ ਹਰਿ ਮਨਿ ਵਸੈ॥(ਸ਼ਬਦ ਗੁਰੂ ਗ੍ਰੰਥ) ਸਤਸੰਗੀਆਂ ਦੀ ਸਭਾ ਵਿੱਚ ਇਹ ਗਿਆਨ ਹੁੰਦਾ ਹੈ ਕਿ ਹਰੀ ਦਾ ਵਾਸ ਮਨ ਵਿੱਚ ਹੈ। ਤਾਰਿਆਂ ਦਾ ਸਮੂਹ-ਤਾਰਿਕਾ ਮੰਡਲ ਜਨਕ ਮੋਤੀ॥(ਸ਼ਬਦ ਗੁਰੂ) ਅਕਾਸ਼ ਥਾਲ ਮੰਡਲ (ਸਰਕਲ) 'ਚ ਤਾਰੇ ਮਾਨੋਂ ਮੋਤੀ ਹਨ। ਖੇਤਰ, ਫੌਜ ਦਾ ਕੈਂਪ, ਗ੍ਰੰਥ ਦਾ ਭਾਗ। ਬ੍ਰਹਮੰਡ ਦਾ ਇਕ ਚੱਕਰ ਜਿਸ ਵਿੱਚ ਇੱਕ ਸੂਰਜ, ਇਕ ਚੰਦ ਅਤੇ ਇੱਕ ਧਰਤੀ ਆਦਿਕ ਗਿਣੇ ਜਾਂਦੇ ਹਨ-ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰੱਖੇ ਧਾਰੇ॥ਜਪੁਜੀ) ਸੋ ਇਹ ਖੰਡ ਮੰਡਲ ਇਸ ਦਿਸਦੇ ਸੰਸਾਰ ਦੇ ਹੀ ਹਿੱਸੇ ਹਨ ਨਾ ਕਿ ਕੋਈ ਗੈਬੀ ਧਰਤੀਆਂ ਜਾਂ ਦੇਸ਼ ਆਦਿਕ। ਗੁਰਬਾਣੀ ਵਿਚਾਰਨ ਦਾ ਇਹ ਹੀ ਮਤਲਵ ਹੈ ਕਿ ਅਸੀਂ ਇਸ ਵਿੱਚ ਆਏ ਨਾਵਾਂ, ਥਾਵਾਂ ਤੇ ਗਿਆਨ ਆਦਿਕ ਨੂੰ ਸਮਝ ਕੇ ਭਰਮਾਂ ਦੀ ਭਟਕਣਾ ਤੋ ਬਚ ਕੇ ਸਾਰਥਕ ਜੀਵਨ ਦੀ ਮੰਜ਼ਲ ਵੱਲ ਵੱਧ ਸੱਕੀਏ।

# ਪੇਂਟਿੰਗਾਂ ਰਾਹੀ ਸਜੀਵ ਹੋਇਆ ਜੱਲ੍ਹਿਆਂਵਾਲਾ ਬਾਗ ਦਾ ਸਾਕਾ



ਕੀ ਇਹ ਸਾਰੇ ਆਦਮੀ ਮਾਰੇ ਗਏ?' ' ਉਨ੍ਹਾਂ ਨੇ ਬੱਚਿਆਂ ਨੂੰ ਵੀ ਮਾਰ ਦਿੱਤਾ?' 'ਇਨ੍ਹਾਂ ਦੀਆਂ ਮਾਵਾਂ ਕਿੱਥੇ ਗਈਆਂ?' 'ਕੀ ਜਨਰਲ ਡਾਇਰ ਏਨਾ ਮਾੜਾ ਸੀ?' ਇਹ ਸਵਾਲ ਇੱਕ ਚਾਰ ਸਾਲ ਦੀ ਸੁੰਨ ਹੋਈ ਬੱਚੀ ਨੇ ਪੇਂਟਿੰਗਾਂ ਵਿੱਚ ਹਰੇ ਭਰੇ ਮੈਦਾਨ ਵਿੱਚ ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਇੱਧਰ ਉਧਰ ਖਿੰਡੀਆਂ ਲਾਸ਼ਾਂ ਨੂੰ ਦੇਖ ਕੇ ਪਏ ਪ੍ਰਭਾਵ ਤੋਂ ਬਾਅਦ ਆਪਣੀ ਮਾਂ ਨੂੰ ਪੁੱਛੇ। ਕਿਸੇ ਨੂੰ ਵੀ ਨਹੀਂ ਪਤਾ ਕਿ ਪਿਛਲੇ ਪੰਜ ਦਹਾਕਿਆਂ ਤੋਂ ਜਲ੍ਹਿਆਂ ਵਾਲਾ ਬਾਗ ਵਿੱਚ ਸ਼ਹੀਦਾਂ ਦੀ ਗੈਲਰੀ ਵਿੱਚ ਜਸਵੰਤ ਸਿੰਘ ਦੀਆਂ ਪ੍ਰਸਿੱਧ ਪੇਂਟਿੰਗਾਂ ਨੂੰ ਦੇਖ ਕੇ ਇਸ ਤਰ੍ਹਾਂ ਦੇ ਸਵਾਲ ਕਿੰਨੇ ਕੁ ਬੱਚਿਆਂ ਨੇ ਆਪਣੇ ਮਾਪਿਆਂ ਨੂੰ ਪੁੱਛੇ ਹੋਣਗੇ।

ਇਨ੍ਹਾਂ ਪ੍ਰਸਿੱਧ ਪੇਟਿੰਗਾਂ ਦੀ ਕਹਾਣੀ 1970 ਤੋਂ ਸ਼ੁਰੂ ਹੁੰਦੀ ਹੈ ਜਦੋਂ ਸਿਵਲ ਸੇਵਾਵਾਂ ਦੇ ਪ੍ਰਸਿੱਧ ਅਧਿਕਾਰੀ ਡਾਕਟਰ ਐਮ ਐੱਸ ਰੰਧਾਵਾ ਬਾਗ ਦੀ ਸੰਭਾਲ ਕਰਦੇ ਮੁਲਾਜ਼ਮ ਦੇ ਕਮਰੇ ਦੀ ਹਾਲਤ ਨੂੰ ਦੇਖ ਕੇ ਬੇਹੱਦ ਸਸ਼ੋਪੰਜ ਵਿੱਚ ਪੈ ਗਏ ਅਤੇ ਉਨ੍ਹਾਂ ਇੱਥੇ ਇਸ ਇਤਿਹਾਸਕ ਜਗ੍ਹਾ ਉੱਤੇ ਮਿਊਜ਼ੀਅਮ ਉਸਾਰਨ ਦਾ ਫੈਸਲਾ ਕੀਤਾ। ਸਰਕਾਰੀ ਥਾਵਾਂ ਉੱਤੇ ਕਲਾ ਕਿਰਤਾਂ ਬਣਾਉਣ ਦਾ ਕੰਮ ਕਰਨ ਵਾਲੇ ਸਰਕਾਰੀ ਕਾਲਜ (ਲੜਕੀਆਂ) ਚੰਡੀਗੜ੍ਹ ਦੇ ਰਿਸੋਰਸਪਰਸਨ ਡਾਕਟਰ ਆਨੰਤਦੀਪ ਗਰੇਵਾਲ ਨੇ ਰੰਧਾਵਾ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਡਾਕਟਰ ਰੰਧਾਵਾ ਦਾ ਵਿਚਾਰ ਸੀ ਕਿ ਜਲ੍ਹਿਆਂ ਵਾਲਾ ਬਾਗ ਵਿੱਚ ਸ਼ਹੀਦਾਂ ਦੀ ਗੈਲਰੀ ਵਿੱਚ ਚਿੱਤਰ ਦੇਖਣ ਨਾਲ ਲੋਕਾਂ ਨੂੰ ਇਤਿਹਾਸ ਦੀ ਸਮਝ ਆਉਣ ਵਿੱਚ ਸੌਖ਼ ਹੋਵੇਗੀ। ਨੌਇਡਾ ਰਹਿੰਦੇ ਕਲਾਕਾਰ ਪ੍ਰੀਤਮ ਸਿੰਘ ਅਨੁਸਾਰ ਇਸ ਥੀਮ ਦੀ ਉਸਾਰੀ ਲਈ ਬਹੁਤ ਸਾਰੇ ਕਲਾਕਾਰਾਂ ਤੋਂ ਸਕੈਚ ਮੰਗੇ ਗਏ। ਇਨ੍ਹਾਂ ਦੇ ਵਿੱਚ ਪ੍ਰਾਣ ਨਾਥ ਮੱਗੋ ਨੇ ਵੀ ਸਕੈਚ ਭੇਜੇ ਸਨ ਪਰ ਜਸਵੰਤ ਸਿੰਘ ਦੇ ਸਕੈਚਾਂ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪੇਟਿੰਗਾਂ ਵਿੱਚ ਇਸ ਦਿਲ ਕੰਬਾਊ ਘਟਨਾ ਦੇ ਹਰ ਪਹਿਲੂ ਨੂੰ ਛੂਹਿਆ ਗਿਆ। ਹੁਣ ਕਰੀਬ ਪੰਜ ਦਹਾਕੇ ਲੰਘਣ ਬਾਅਦ ਇਨ੍ਹਾਂ ਪੇਂਟਿੰਗਾਂ ਤੋਂ ਇਨ੍ਹਾਂ ਦੇ ਪੁਰਾਣੇ ਹੋਣ ਦੀ ਝਲਕ ਪੈਣ ਲੱਗੀ ਹੈ। ਕਲਾਕਾਰ ਪ੍ਰੇਮ ਸਿੰਘ ਅਨੁਸਾਰ ਜਸਵੰਤ ਸਿੰਘ ਆਪਣੀਆਂ 'ਰਾਗਮਾਲਾ ਪੇਂਟਿੰਗਜ਼' ਕਾਰਨ ਹਮੇਸ਼ਾਂ ਜਾਣਿਆਂ ਜਾਂਦਾ ਰਹੇਗਾ।

ਬਹੁਤੇ ਲੋਕ ਇਹ ਨਹੀਂ ਜਾਣਦੇ ਜਸਵੰਤ ਸਿੰਘ ਜੋ ਕਿ ਰਾਵਲਪਿੰਡੀ ਦਾ ਰਹਿਣ ਵਾਲਾ ਸੀ, ਨੇ ਆਪਣਾ ਕਰੀਅਰ ਜਿਹਲਮ- ਪੰਜਾ ਸਹਿਬ ਮਾਰਗ ਉੱਤੇ ਮੀਲ ਪੱਥਰ ਲਿਖਣ ਤੋਂ ਸ਼ੁਰੂ ਕੀਤਾ ਸੀ। ਉਸ ਦੇ ਪਿਤਾ ਅੰਗਰੇਜ਼ਾਂ ਦੇ ਰਾਜ ਵਿੱਚ ਰੇਲਵੇ ਮੁਲਾਜ਼ਮ ਸਨ ਅਤੇ ਚਾਹੁੰਦੇ ਸਨ ਕਿ ਉਨ੍ਹਾਂ ਦਾ ਹੋਣਹਾਰ ਪੁੱਤਰ ਰੇਲਵੇ ਵਿੱਚ ਹੀ ਨੌਕਰੀ ਕਰੇ ਪਰ ਉਹ ਇਸ ਲਈ ਨਹੀਂ ਬਣਿਆ ਸੀ। ਉਹ ਆਪਣੀ ਜਵਾਨੀ ਤੋਂ ਪਹਿਲੇ ਦਿਨਾਂ ਵਿੱਚ ਹੀ ਲਾਹੌਰ ਆ ਗਿਆ ਪਰ ਸ਼ਹਿਰ ਵਿੱਚ ਜਦੋਂ ਉਸਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਨੇ ਮੀਲ ਪੱਥਰਾਂ ਨੂੰ ਰੰਗ ਕਰਨ ਦਾ ਕੰਮ ਸ਼ੁਰੂ ਕਰ ਲਿਆ। ਪ੍ਰੇਮ ਸਿੰਘ ਜੋ ਜਸਵੰਤ ਸਿੰਘ ਦਾ ਪੁਰਾਣਾ ਮਿੱਤਰ ਹੈ, ਨੇ ਦੱਸਿਆ ਕਿ ਉਸ ਨੇ ਪੰਜਾ ਸਾਹਿਬ-ਜਿਹਲਮ ਮਾਰਗ ਉੱਤੇ ਪੈਂਦੇ ਪਿੰਡਾਂ ਅਤੇ ਸ਼ਹਿਰਾਂ ਦੇ ਨਾਂਅ ਲਿਖਣ ਲਈ ਖੂਬਸੂਰਤ ਕੈਲੀਗ੍ਰਾਫੀ ਦੀ ਵਰਤੋਂ ਕੀਤੀ। ਇਸ ਤੋਂ ਜਲਦੀ ਬਾਅਦ ਹੀ ਉਸ ਨੇ ਲਾਹੌਰ ਦੇ ਪੇਂਟਰਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਸੋਭਾ ਸਿੰਘ, ਅਬਦੁਰ ਰਹਿਮਾਨ ਚੁਗਤਾਈ, ਅੰਮ੍ਰਿਤਾ ਪ੍ਰੀਤਮ ਅਤੇ ਰਾਜਿੰਦਰ ਸਿੰਘ ਬੇਦੀ ਨਾਲ ਦੋਸਤੀ ਦਾ ਪੁਲ ਬਣਾਉਣ ਵਿੱਚ ਕਾਮਯਾਬ ਹੋ ਗਿਆ। ਦੇਸ਼ ਵੰਡ ਤੋਂ ਬਾਅਦ ਉਹ ਦਿੱਲੀ ਆ ਗਏ। ਇੱਥੇ ਉਨ੍ਹਾਂ ਨੇ ਵੀਕਲੀ ਮੈਗਜ਼ੀਨਾਂ ਅਤੇ ਪੁਸਤਕਾਂ ਦੇ ਕਵਰਾਂ ਉੱਤੇ ਰੰਗ ਭਰਕੇ ਆਪਣੀ ਕਲਾ ਨੂੰ ਨਿਖਾਰਿਆ। ਪ੍ਰੇਮ ਸਿੰਘ, ਜਸਵੰਤ ਸਿੰਘ ਨੂੰ ਯਾਦ ਕਰਦਿਆਂ ਕਹਿੰਦਾ ਹੈ ਕਿ ਉਹ ਅਕਸਰ ਕਿਹਾ ਕਰਦਾ ਸੀ ਕਿ ਕਮਿਸ਼ਨ ਵਾਲੇ ਕੰਮਾਂ ਵਿੱਚ ਉਸਦੀ ਸੋਚ ਲੰਮੀਆਂ ਉਡਾਰੀਆਂ ਨਹੀਂ ਮਾਰਦੀ। ਕਮਿਸ਼ਨ ਵਾਲੇ ਕੰਮ ਦੀਆਂ ਕਮੀਆਂ ਦੇ ਬਾਵਜੂਦ ਜਲ੍ਹਿਆਂ ਵਾਲੇ ਬਾਗ ਦੀਆਂ ਪੇਟਿੰਗਾਂ ਉਸ ਦੀਆਂ ਸ਼ਾਹਕਾਰ ਪੇ-ਟਿੰਗਾਂ ਦੇ ਵਿੱਚੋਂ ਇੱਕ ਹਨ, ਜੋ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਹ ਕਾਰਜ ਅਜਿਹਾ ਸੀ ਜਿਸਨੂੰ ਸ਼ਾਇਦ ਹੀ ਕੋਈ ਦੂਜਾ ਕਰ ਸਕਦਾ।

### ਡਾਕਟਰ ਰੰਧਾਵਾ ਦੇ ਯਤਨ ਰੰਗ ਲਿਆਏ

ਇਸ ਗੈਲਰੀ ਵਿੱਚ ਜਸਵੰਤ ਸਿੰਘ ਦੀਆ ਪੇਂਟਿੰਗਾਂ ਤੋਂ ਇਲਾਵਾ ਛੱਜੂਭਗਤ ਦੀ ਵਿਧਵਾ ਰਤਨਾ ਦੇਵੀ ਦੇ ਚਿੱਤਰ ਵੀ ਹਨ, ਜੋ 13 ਅਪਰੈਲ 1919 ਦੀ ਸਾਰੀ ਰਾਤ ਨੂੰ ਜਲ੍ਹਿਆਂ ਵਾਲੇ ਬਾਗ ਵਿੱਚ ਬੈਠੀ ਰਹੀ ਸੀ। ਇੱਥੇ ਮਹਾਸ਼ਾ ਰਤਨ ਚੰਦ ਅਤੇ ਚੌਧਰੀ ਬੁੱਗਾ ਮੱਲ ਦੇ ਵੀ ਚਿੱਤਰ ਹਨ, ਜਿਨ੍ਹਾਂ ਨੂੰ ਮਾਰਸ਼ਲ ਲਾਅ ਦੌਰਾਨ ਮੌਤ ਦੀ ਸਜ਼ਾ ਦਿੱਤੀ ਗਈ ਸੀ ਪਰ ਬਾਅਦ ਵਿੱਚ ਇਨ੍ਹਾਂ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਗਈ ਸੀ। ਜਲ੍ਹਿਆਂ ਵਾਲਾ ਬਾਗ ਦੀ ਗੈਲਰੀ ਪਿਛਲੀ ਕਹਾਣੀ ਇੱਥੇ ਖੁਦ ਸ੍ਰੀ ਐਮ ਐੱਸ ਰੰਧਾਵਾ ਦੇ ਸੰਦੇਸ਼ ਤੋਂ ਵੀ ਸਪਸ਼ਟ ਹੁੰਦੀ ਹੈ,' ਕੇਂਦਰੀ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਆਈ ਕੇ ਗੁਜਰਾਲ ਵੱਲੋਂ ਭੇਜੀ ਬੇਨਤੀ ਉੱਤੇ ਮੈਂ 22 ਮਈ 1973 ਨੂੰ ਜਲ੍ਹਿਆਂ ਵਾਲਾ ਬਾਗ ਦਾ ਦੌਰਾ ਕੀਤਾ। ਮੇਰੇ ਨਾਲ ਡਾਕਟਰ ਜੀ ਐੱਸ ਰੰਧ-ਾਵਾ ਡਾਇਰੈਕਟਰ (ਬਾਗਬਾਨੀ) ਸੀਪੀਡਬਲਿਊ ਦਿੱਲੀ ਵੀ ਸਨ। ਅਸੀਂ ਲੈਂਡ ਸਕੇਪਿੰਗ ਦੀ ਇੱਕ ਯੋਜਨਾ ਤਿਆਰ ਕੀਤੀ। ਇਸ ਤੋਂ ਬਾਅਦ 10 ਦਸੰਬਰ 1973 ਨੂੰ ਪੰਜਾਬ ਦੇ ਗਵਰਨਰ ਐਮ ਐਮ ਚੌਧਰੀ ਦੀ ਪ੍ਰਧਾਨਗੀ ਵਿੱਚ ਮੀਟਿੰਗ ਹੋਈ। ਇਸ ਵਿੱਚ ਡਾਕਟਰ ਜੀਐੱਸ ਢਿੱਲੋਂ, ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਅਤੇ ਆਈ ਕੇ ਗੁਜਰਾਲ ਹਾਜ਼ਰ ਸਨ। ਇਨ੍ਹਾਂ ਨੇ ਆਰਟ ਗੈਲਰੀ ਬਾਰੇ ਮੇਰਾ ਸੁਝਾਅ ਪ੍ਰਵਾਨ ਕਰ ਲਿਆ। ਪੇਂਟਿੰਗਾਂ ਜਸਵੰਤ ਸਿੰਘ ਅਤੇ ਜੀਐੱਸ ਬਾਂਸਲ ਵੱਲੋਂ ਤਿਆਰ ਕੀਤੀਆਂ ਗਈਆਂ ਸਨ।'



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਗੁਰਪੁਰਬ ਦਿਹਾੜਾ

**ਯੂਨੀਅਨ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਗੁਰੂ ਘਰ ਦੀ ਪ੍ਰਾਪਰਟੀ 31252 ਵੈਸੀ ਸਟਰੀਟ ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 31 ਮਾਰਚ 2019 ਦਿਨ ਐਤਵਾਰ ਨੂੰ ਮਨਾਇਆ। ਇਸ ਮੌਕੇ ਕੈਲੇਫੋਰਲੀਆ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਤੋਂ ਇਲਾਵਾ ਹੋਰ ਵੀ ਸਿੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਆਦਿ ਦੇ ਮੈਂਬਰਾਨ ਨੇ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਅੱਜ ਦੇ ਇਸ ਸ਼ੁਭ ਦਿਹਾੜੇ 'ਤੇ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਦੀ ਸੇਵਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਸ੍ਰੀਮਤੀ ਪ੍ਰਮਜੀਤ ਕੌਰ ਚੁੰਬਰ ਅਤੇ ਉਹਨਾਂ ਦੇ ਸਮੂਹ ਚੁੰਬਰ ਪਰਿਵਾਰ ਵੱਲੋਂ ਕੀਤੀ ਗਈ।

ਇਸ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਵੱਖ-ਵੱਖ ਰਾਗੀ/ਢਾਡੀ/ ਕੀਰਤਨੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਭ ਤੋਂ ਪਹਿਲਾਂ ਗੁਰੂ ਘਰ ਦੇ ਜਥੇ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ ਤੇ ਉਸ ਉਪਰੰਤ ਸੰਤ ਬਾਬਾ ਜਸਵਿੰਦਰ ਸਿੰਘ ਜੀ ਖੈਰੜ ਅੱਛਰੋਵਾਲ (ਹੁਸ਼ਿਆਰਪੁਰ) ਵਾਲਿਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਉਹਨਾਂ ਗੁਰੂ ਘਰ ਦੀ ਉਸਾਰੀ ਜਾਣ ਵਾਲੀ ਬਿਲਡਿੰਗ ਲਈ ਤਨੋਂ, ਮਨੋਂ, ਧਨੋਂ ਦਿਲ ਖੋਲ੍ਹ ਕੇ ਸੇਵਾ ਕਰਨ ਲਈ ਸੰਗਤ ਨੂੰ ਅਪੀਲ ਕੀਤੀ ਅਤੇ ਉਨ੍ਹਾਂ ਖੁਦ ਵੀ ਆਪਣੀ ਸ਼ਰਧਾ ਅਨੁਸਾਰ ਹਿੱਸਾ ਪਾਇਆ ਤੇ ਉਨ੍ਹਾਂ ਦੇ ਕਹਿਣ ਤੋਂ ਸੰਗਤਾਂ ਨੇ ਵੀ ਜੋ ਵੀ ਮੌਕੇ ਸਿਰ ਕਰ ਸਕਦੇ ਸਨ, ਮਾਇਆ ਦਾ ਯੋਗਦਾਨ ਪਾਇਆ। ਇਸ ਉਪਰੰਤ ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ ਅਤੇ ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ ਆਦਿ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਬੀਬੀ ਹਰਸਿਮਰਤ ਕੌਰ ਮਿਸ਼ਨਰੀ ਨੇ ਵੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਮਾ 'ਚ ਕੀਰਤਨ ਕੀਤਾ।

ਅੱਜ ਦੇ ਇਸ ਵਿਸ਼ੇਸ਼ ਸਮਾਗਮ ਮੌਕੇ ਫਰੀਮਾਂਟ ਦੀ ਮੇਅਰ ਮਿਸ ਲਿੱਲੀ ਤੋਂ ਇਲਾਵਾ ਵਾਈਸ ਮੇਅਰ ਡਾਕਟਰ ਰਾਜ ਸਲਵਾਨ ਅਤੇ ਯੂਨੀਅਨ ਸਿਟੀ ਦੇ ਵਾਈਸ ਮੇਅਰ ਸ. ਗੈਰੀ ਸਿੰਘ ਜੀ ਨੇ ਵੀ ਸਤਿਗੁਰੂ ਰਵਿਦਾਸ ਜੀ ਦੇ 642ਵਾਂ ਗੁਰਪੁਰਬ ਮਨਾਏ ਜਾਣ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਦਸਾਂ ਗੁਰੂਆਂ ਦੀ ਕਿਰਪਾ ਨਾਲ ਹਮੇਸ਼ਾ ਹਾਜ਼ਰ ਹੈ ਤੇ ਹਾਜ਼ਰ ਰਹੇਗਾ।

ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੋਂ ਸ੍ਰੀ ਦੀਪਕ ਸਰੋਇਆ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸ੍ਰੀ ਅਮਰ ਦੜੌਚ ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਅਮਰੀਕਨ ਰਾਜਨੀਤੀ 'ਚ ਸਰਗਰਮ ਡਾ. ਹਰਮੇਸ਼ ਕੁਮਾਰ ਜੀ ਨੇ ਆਪੋ-ਆਪਣੇ ਵਿਚਾਰਾਂ ਨਾਲ ਸੰਗਤਾਂ ਨਾਲ ਸਾਂਝ ਪਾਈ।

ਸਟੇਜ ਦੀ ਸੇਵਾ ਸੰਭਾਲਦਿਆਂ ਵਾਰੋ-ਵਾਰੀ ਸ੍ਰੀ ਵਿਨੋਦ ਕੁਮਾਰ ਚੁੰਬਰ ਚੇਅਰਮੈਨ, ਸ੍ਰੀ ਕੇਵਲ ਸਿੰਘ ਪ੍ਰਧਾਨ ਅਤੇ ਸ੍ਰੀ ਸ਼ਿਵ ਸਿੱਧੂ ਜਨਰਲ ਸਕੱਤਰ ਨੇ ਵੀ ਸੰਗਤਾਂ ਨਾਲ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮਨਾਏ ਜਾਣ ਮੌਕੇ, ਮਿਲੇ ਭਰਵੇਂ ਹੁੰਗਾਰੇ ਦਾ ਸਵਾਗਤ ਅਤੇ ਧੰਨਵਾਦ ਕਰਦਿਆਂ ਸਮੂਹ ਗੁਰੂ ਪਿਆਰੀ ਸੰਗਤ ਨੂੰ ਗੁਰੂ ਘਰ ਦੀ ਬਣਨ ਜਾ ਰਹੀ ਬਿਲਡਿੰਗ ਲਈ ਵੱਧ ਤੋਂ ਵੱਧ ਖੁਦ ਅਤੇ ਹੋਰਨਾਂ ਨੂੰ ਮਾਇਆ ਦੀ ਸੇਵਾ ਕਰਨ ਲਈ ਸਨਿਮਰ ਬੇਨਤੀ ਕੀਤੀ ਤੇ ਕਿਹਾ ਕਿ ਇਹ ਕਾਰਜ ਸੰਗਤਾਂ ਵੱਲੋਂ ਅਤੇ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਪੂਰੇ ਹੋਏ ਹਨ।

ਸਮੇਂ ਨੂੰ ਮੁੱਖ ਰੱਖਦਿਆਂ ਬਹੁਤ ਸਾਰੇ ਬੁਲਾਰਿਆਂ ਨੂੰ ਸਮਾਂ ਨਾ ਦੇ ਸਕਣਾ, ਪ੍ਰਬੰਧਕਾਂ ਨੇ ਹੱਥ ਜੋੜ ਖਿਮਾ ਦੀ ਜਾਚਨਾ ਕਰਦਿਆਂ ਉਹਨਾਂ ਸਭਨਾਂ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ, ਸ੍ਰੀ ਗੁਰੂ ਰਵਿਦਾਸ ਸਭਾਵਾਂ ਸੁਪਰੀਮ ਕੌਂਸਲ (ਕੈਲੇ-ਫੋਰਨੀਆ) ਦੇ ਜਨਰਲ ਸਕੱਤਰ ਸ੍ਰੀਮਾਨ ਓ. ਪੀ. ਬਾਲੀ, ਸ੍ਰੀ ਰਾਮ ਮੂਰਤੀ ਸਰੋਏ ਚੇਅਰਮੈਨ ਅੰਬੇਡਕਰ ਏਡ ਸੁਸਾਇਟੀ ਬੇ-ਏਰੀਆ ਅਤੇ ਸ੍ਰੀਮਾਨ ਅਮਰੀਕ ਚੰਦ ਸੀ.ਪੀ.ਏ., ਮੱਖਣ ਸਿੰਘ ਬੈਂਸ (ਰਾਜਾ ਸਵੀਟਸ ਵਾਲੇ) ਤੋਂ ਇਲਾਵਾ ਹੋਰ ਵੀ ਨਾਮਵਰ ਸ਼ਖਸੀਅਤਾਂ ਸਰਵ ਸ੍ਰੀ ਰਣਧੀਰ ਸੁੰਮਨ, ਬਲਵੀਰ ਸ਼ੀਂਹਮਾਰ, ਸੁੱਚਾ ਰਾਮ ਭਾਰਟਾ, ਸ. ਬੌਬ, ਸ. ਜੰਡੀ, ਲਹਿੰਬਰ ਸਿੰਘ ਭੁੱਲਰ, ਸ੍ਰੀ ਸਤਨਾਮ ਸਿੰਘ ਖਾਲਸਾ (ਮੁੱਖ ਸੰਪਾਦਕ 'ਸਾਡੇ ਲੋਕ'), ਸ੍ਰੀ ਵਰਿੰਦਰ ਉੱਭੀ, ਮੁੱਖ ਸੰਪਾਦਕ ਯੂ. ਐਸ. ਏ. ਭਾਰਤ ਟੂਡੇ ਆਦਿ ਨੇ ਹਾਜ਼ਰੀਆਂ ਭਰੀਆਂ।

ਪ੍ਰਬੰਧਕ ਕਮੇਟੀ ਵੱਲੋਂ ਜਿਹਨਾਂ-ਜਿਹਨਾਂ ਨੂੰ ਸਿਰੋਪਾਓ ਨਾਲ ਸਨਮਾਨਿਆ ਗਿਆ, ਉਹਨਾਂ ਵਿਚ ਫਰੀਮਾਂਟ ਦੇ ਮੇਅਰ ਮਿਸ. ਲਿੱਲੀ, ਵਾਈਸ ਮੇਅਰ ਡਾ. ਰਾਜ ਸਲਵਾਨ, ਯੂਨੀਅਨ ਸਿਟੀ ਦੇ ਵਾਈਸ ਮੇਅਰ ਸ. ਗੈਰੀ ਸਿੰਘ, ਸ੍ਰੀ ਰਾਮ ਮੂਰਤੀ ਸਰੋਏ, ਸ੍ਰੀ ਸੁੱਖਰਾਜ ਸਿੰਘ ਚੋਪੜਾ, ਸ੍ਰੀ. ਓ. ਪੀ. ਬਾਲੀ, ਸ੍ਰੀ ਰਮੇਸ਼ ਸੁੰਮਨ, ਸ੍ਰੀ ਪ੍ਰੇਮ ਕੁਮਾਰ ਚੁੰਬਰ, ਡਾ. ਹਰਮੇਸ਼ ਕੁਮਾਰ, ਸ੍ਰੀਮਤੀ ਸਰਬਜੀਤ ਕੌਰ ਚੀਮਾ, ਸੰਤ ਜਸਵਿੰਦਰ ਸਿੰਘ ਜੀ, ਸ. ਮੱਖਣ ਸਿੰਘ ਬੈਂਸ, ਰਾਜ ਕੁਮਾਰ ਸੂਦ, ਰਿੱਕੀ ਪਾਲ ਆਦਿ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਲੰਗਰ ਦੀ ਸੇਵਾ ਡਾ. ਹਰਮੇਸ਼ ਕੁਮਾਰ, ਰਾਕੇਸ਼ ਕੁਮਾਰ ਨੀਟਾ, ਰਿੰਕੂ, ਰਿੱਕੀ ਪਾਲ, ਰਾਮ ਲੁਭਾਇਆ, ਸਰਬਜੀਤ ਸਿੰਘ, ਕਾਲਾ, ਗੋਲਡੀ, ਕਰਨੈਲ ਸਿੰਘ ਨੇ ਕੀਤੀ, ਜਿਹਨਾਂ ਦਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ।

ਇਸ ਦੇ ਨਾਲ ਹੀ ਸ੍ਰੀ ਬਲਵਿੰਦਰ ਮਹਿਮੀ ਅਤੇ ਸਮੂਹ ਮਹਿਮੀ ਪਰਿਵਾਰ ਵੱਲੋਂ ਡੈਕੋਰੇਸ਼ਨ, ਪ੍ਰਸ਼ਾਦ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਸ੍ਰੀ ਸੰਤੋਖ ਸਿੰਘ ਸਰੋਇਆ ਖਜਾਨਚੀ ਤੇ ਸਮੂਹ ਸਰੋਇਆ ਪਰਿਵਾਰ ਵੱਲੋਂ ਕਰਨ ਦਾ ਵੀ ਧੰਨਵਾਦ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ, ਬੁੱਕ ਸਟਾਲ (ਸ. ਅਵਤਾਰ ਸਿੰਘ ਮਿਸ਼ਨਰੀ) ਅਤੇ ਮੈਡੀਕਲ ਜਾਣਕਾਰੀ ਸੇਵਾਵਾਂ ਲਈ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ ਤੇ ਸਕਿਊਰਟੀ ਦਾ ਧੰਨਵਾਦ ਕੀਤਾ, ਜਿਹਨਾਂ ਵਧੀਆ ਢੰਗ ਨਾਲ ਸੇਵਾਵਾਂ ਨਿਭਾਈਆਂ।

ਅਖੀਰ ਵਿਚ ਚੇਅਰਮੈਨ ਸ੍ਰੀ ਵਿਨੋਦ ਚੁੰਬਰ, ਪ੍ਰਧਾਨ ਕੇਵਲ ਸਿੰਘ ਤੇ ਜਨਰਲ ਸਕੱਤਰ ਸ੍ਰੀ ਸ਼ਿਵ ਸਿੱਧੂ ਨੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਘਰ ਆਈ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਤਨੋਂ, ਮਨੋਂ, ਧਨੋਂ ਸੇਵਾ ਕੀਤੀ ਅਤੇ ਹਾਜ਼ਰੀਆਂ ਭਰੀਆਂ। ਉਹਨਾਂ ਸਭਨਾਂ ਦੀਆਂ ਖੁਸ਼ੀਆਂ ਲਈ ਅਰਦਾਸ ਕੀਤੀ ਗਈ ਅਤੇ ਕਿਸੇ ਵੀ ਕਿਸਮ ਦੀ ਸੇਵਾ 'ਚ ਕਮੀ ਰਹਿ ਗਈ ਹੋਵੇ, ਲਈ ਖਿਮਾ ਦੀ ਜਾਚਨਾ ਕੀਤੀ।

# ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਰਸ਼ਨੀ ਡਿਊਢੀ ਢਾਹੁਣ ਦੀ ਜਾਂਚ ਰਿਪੋਰਟ ਮੰਗੀ

**ਅੰਮ੍ਰਿਤਸਰ–** ਤਰਨ ਤਾਰਨ ਸਥਿਤ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੀ ਪੁਰਾਤਨ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਦੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਰਿਪੋਰਟ ਮੰਗੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਨੁਕਸਾਨੀ ਇਮਾਰਤ ਦੇ ਹਿੱਸੇ ਦੀ ਮੁਰੰਮਤ ਅਤੇ ਇਸ ਦੀ ਸਾਂਭ-ਸੰਭਾਲ ਕਾਰ ਸੇਵਾ ਦੀ ਥਾਂ ਖੁਦ ਕੰਮ ਕਰਾਉਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨ ਇਸ ਪੁਰਾਤਨ ਇਮਾਰਤ ਨੂੰ ਰਾਤ ਵੇਲੇ ਢਾਹੁਣ ਦਾ ਯਤਨ ਕੀਤਾ ਗਿਆ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਨੇ ਗੰਭੀਰ ਨੋਟਿਸ ਲੈਂਦਿਆਂ ਦਰਬਾਰ ਸਾਹਿਬ ਤਰਨ ਤਾਰਨ ਦੇ ਮੈਨੇਜਰ ਨੂੰ ਮੁਅੱਤਲ ਕਰ ਦਿੱਤਾ ਅਤੇ ਮੁਅੱਤਲੀ ਦੌਰਾਨ ਉਸ ਨੂੰ ਹਰਿਆਣਾ ਸਥਿਤ ਜੀਂਦ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੂੰ ਇਸ ਸਬੰਧੀ ਦਿੱਤੀ ਕਾਰ ਸੇਵਾ ਵਾਪਸ ਲੈ ਲਈ ਹੈ ਅਤੇ ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਹੈ, ਜਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅੱਜ ਇਸ ਮਾਮਲੇ ਦਾ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਨੋਟਿਸ ਲਿਆ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਮਾਮਲੇ ਦੀ ਜਾਂਚ ਰਿਪੋਰਟ ਮੰਗੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜੇ ਗਏ ਪੱਤਰ ਵਿਚ ਉਨ੍ਹਾਂ ਕਿਹਾ ਕਿ ਦਰਸ਼ਨੀ ਡਿਉਢੀ ਦੀ ਪੁਰਾਤਨ ਇਮਾਰਤ ਨੂੰ ਢਾਹੇ ਜਾਣ ਦੀ ਸਿੱਖ ਜਗਤ ਵਲੋਂ ਸਖ਼ਤ ਨਿੰਦਾ ਕੀਤੀ ਜਾ ਰਹੀ ਹੈ। ਇਸ ਸਬੰਧ ਸਿੱਖ ਸੰਗਤ ਨੇ ਇਤਰਾਜ਼ ਵੀ ਪ੍ਰਗਟ ਕੀਤੇ ਹਨ ਅਤੇ ਇਮਾਰਤ ਢਾਹੁਣ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਰਿਪੋਰਟ ਤੁਰੰਤ ਅਕਾਲ ਤਖ਼ਤ 'ਤੇ ਭੇਜੀ ਜਾਵੇ। ਉਨ੍ਹਾਂ ਨੇ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਨੂੰ ਮੰਦਭਾਗਾ ਆਖਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਦਰਸ਼ਨੀ ਡਿਉਢੀ ਦੀ ਦਿੱਤੀ ਕਾਰ ਸੇਵਾ ਵਾਪਸ ਲੈ ਲਈ ਹੈ ਅਤੇ ਹੁਣ ਇਹ ਕੰਮ ਸ਼੍ਰੋਮਣੀ ਕਮੇਟੀ ਵਲੋਂ ਖੁਦ ਕਰਵਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਇਮਾਰਤ ਦੇ ਜਿਸ ਹਿੱਸੇ ਨੂੰ ਨੁਕਸਾਨਿਆ ਗਿਆ ਹੈ, ਉਸ ਦੀ ਮੁਰੰਮਤ ਅਤੇ ਬਾਕੀ ਹਿੱਸੇ ਦੀ ਸਾਂਭ ਸੰਭਾਲ ਸ਼੍ਰੋਮਣੀ ਕਮੇਟੀ ਖੁਦ ਕਰੇਗੀ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਇਸ ਸਬੰਧੀ ਕੰਮ ਲੰਬਿਤ ਰੱਖਣ ਦਾ ਮਤਾ ਪਾਸ ਹੋਣ ਦੇ ਬਾਵਜੂਦ ਇਮਾਰਤ ਢਾਹੁਣ ਦਾ ਯਤਨ ਕਿਉਂ ਕੀਤਾ ਗਿਆ ਹੈ। ਉਨ੍ਹਾਂ ਇਸ ਸਬੰਧ ਵਿਚ ਜਾਂਚ ਕਮੇਟੀ ਨੂੰ ਜਲਦੀ ਰਿਪੋਰਟ ਸੌਂਪਣ ਵਾਸਤੇ ਆਖਿਆ ਹੈ।

ਇਸ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਐਡਵੋਕੇਟ, ਸਾਬਕਾ ਕੌਂਸਲਰ ਅਮਰਜੀਤ ਸਿੰਘ, ਕੁਲਜੀਤ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰਪਾਲ ਸਿੰਘ ਆਦਿ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਦੇ ਨਾਂ ਜਾਰੀ ਕੀਤੇ ਪੱਤਰ ਵਿਚ ਆਖਿਆ ਕਿ ਦਰਸ਼ਨੀ ਡਿਉਢੀ ਢਾਹੁਣ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟਤਾ ਨਾਲ ਜਵਾਬ ਦੇਣਾ ਚਾਹੀਦਾ ਹੈ।

## ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ 30ਵਾਂ ਸਭਿਆਚਾਰਕ ਮੇਲਾ 18 ਮਈ ਨੂੰ

(ਸਫਾ 1 ਦੀ ਬਾਕੀ)



ਸਾਲਾਂ ਵਾਂਗ ਇਸ 30ਵੇਂ ਮੇਲੇ ਤੇ ਪਹੁੰਚ ਕੇ ਪੰਜਾਬੀ ਭਾਈਚਾਰੇ ਦੀ ਪੇਸ਼ਕਾਰੀ ਦਾ ਆਨੰਦ ਮਾਣਨ ਦੇ ਨਾਲ ਹੀ ਕਲਾਕ-ਾਰਾਂ ਵੱਲੋਂ ਕੀਤੀ ਮਿਹਨਤ ਬਦਲੇ ਉਹਨਾ ਦਾ ਹੌਸਲਾ ਅਫਜ਼ਾਈ ਕੀਤੀ ਜਾਵੇ। ਮੀਟਿੰਗ ਵਿਚ ਹਾਜ਼ਰ ਸਨ ਸੁਖਰਾਜ ਔਲਖ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਅਜੈਬ ਕਾਹਲੋਂ, ਦੇਬੀ ਗਿੱਲ, ਵਰਿੰਦਰ ਸੰਘੇੜਾ, ਕਮਲ ਬੰਗਾ, ਬਲਦੇਵ ਗਰੇਵਾਲ, ਮਾਧੋ ਚਾਹਲ, ਇੰਦਰਜੀਤ ਸਿੰਘ, ਸੁਭਾਸ਼ ਚੰਦਰ, ਪ੍ਰੇਮ ਕੁਮਾਰ ਚੁੰਬਰ, ਜਰਨੈਲ ਮੰਡੇਰ, ਰਸ਼ਪਾਲ ਫਰਵਾਲਾ ਅਤੇ ਸਮੂਹ ਇਸਤਰੀ ਵਿੰਗ ਦੇ ਮੈਂਬਰ।

## ਅਕਾਲੀ ਦਲ ਦੇ ਚੰਦੂਮਾਜਰਾ ਆਨੰਦਪੁਰ ਸਾਹਿਬ, ਰੱਖੜਾ ਪਟਿਆਲਾ ਅਤੇ ਗੁਰੂ ਫਤਿਹਗੜ੍ਹ ਸਾਹਿਬ ਤੋਂ ਲੜਨਗੇ ਚੋਣ

(ਸਫਾ 1 ਦੀ ਬਾਕੀ)

ਡਾ. ਗਾਂਧੀ ਨੇ ਕੁਝ ਦਿਨ ਪਹਿਲਾਂ ਹੀ ਆਪਣੀ ਨਵੀਂ ਪਾਰਟੀ ਬਣਾ ਲਈ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਖਡੂਰ ਸਾਹਿਬ ਅਤੇ ਸੀਨੀਅਰ ਆਗੂ ਚਰਨ-ਜੀਤ ਸਿੰਘ ਅਟਵਾਲ ਨੂੰ ਜਲੰਧਰ ਲੋਕ ਸਭਾ ਹਲਕਿਆਂ ਤੋਂ ਉਮੀਦਵਾਰ ਐਲਾਨਿਆ ਜਾ ਚੁੱਕਿਆ ਹੈ। ਪ੍ਰੋ. ਚੰਦੂਮਾਜਰਾ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਮੁੜ ਚੋਣ ਮੈਦਾਨ ਵਿੱਚ ਉਤਾਰਨ ਦਾ ਫੈਸਲਾ ਤਾਂ ਕਾਫ਼ੀ ਪਹਿਲਾਂ ਹੋ ਚੁੱਕਿਆ ਸੀ ਪਰ ਰਸਮੀ ਐਲਾਨ ਅੱਜ ਕੀਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸ੍ਰੀ ਦਰਬਾਰਾ ਸਿੰਘ ਗੁਰੂ ਬਾਰੇ ਵੀ ਕੁਝ ਸਮਾਂ ਪਹਿਲਾਂ ਫੈਸਲਾ ਲੈ ਲਿਆ ਗਿਆ ਸੀ ਪਰ ਰਸਮੀ ਐਲਾਨ ਹੀ ਕਰਨਾ ਬਾਕੀ ਸੀ। ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵਲੋਂ ਲੁਧਿਆਣਾ ਅਤੇ ਫ਼ਰੀਦਕੋਟ ਲੋਕ ਸਭਾ ਹਲਕਿਆਂ ਤੋਂ ਢੁਕਵੇਂ ਉਮੀਦਵਾਰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਅਜੇ ਤਕ ਸਫਲਤਾ ਹੱਥ ਨਹੀਂ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਲੋਂ ਬਠਿੰਡਾ ਅਤੇ ਫ਼ਿਰੋਜ਼ਪੁਰ ਤੋਂ ਉਮੀਦਵਾਰਾਂ ਦਾ ਐਲਾਨ ਕਰਨ ਵਿਚ ਉਡੀਕ ਕਰਨ ਦੀ ਨੀਤੀ ਅਪਣਾਈ ਗਈ ਹੈ। ਬਠਿੰਡਾ ਤੋਂ ਸਿਟਿੰਗ ਲੋਕ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀ ਤਿਆਰੀ ਹੈ ਪਰ ਇਹ ਗਿਣਤੀ-ਮਿਣਤੀ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਲਈ ਬਠਿੰਡਾ ਤੇ ਫਿਰੋਜ਼ਪੁਰ ਵਿੱਚੋਂ ਕਿਹੜਾ ਹਲਕਾ ਬਿਹਤਰ ਰਹੇਗਾ। ਅਕਾਲੀ ਦਲ ਦੇ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਸ੍ਰੀਮਤੀ ਬਾਦਲ ਨੂੰ ਬਠਿੰਡਾ ਤੋਂ ਚੋਣ ਲੜਨੀ ਚਾਹੀਦੀ ਹੈ ਕਿਉਂਕਿ ਹਲਕਾ ਬਦਲਣ ਨਾਲ ਗਲਤ ਸੰਕੇਤ ਜਾਣਗੇ। ਇਸ ਲਈ ਬਾਦਲਾਂ ਨੂੰ ਜਲਦੀ ਫ਼ੈਸਲਾ ਕਰਨਾ ਪਵੇਗਾ।

## ਕਾਂਗਰਸ ਵੱਲੋਂ ਜਾਖੜ, ਪਰਨੀਤ ਕੌਰ, ਬਿੱਟੂ, ਔਜਲਾ, ਚੌਧਰੀ, ਬਾਂਸਲ ਤੇ ਚੱਬੇਵਾਲ ਦੇ ਨਾਵਾਂ 'ਤੇ ਮੋਹਰ

(ਸਫਾ 1 ਦੀ ਬਾਕੀ)

ਇਸੇ ਤਰ੍ਹਾਂ ਚੰਡੀਗੜ੍ਹ ਤੋਂ ਸਾਬਕਾ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਵੀ ਟਿਕਟ ਮਿਲ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਗਲਵਾਰ ਨੂੰ ਦਿੱਲੀ ਵਿਖੇ ਕਾਂਗਰਸ ਦੀ ਚੋਣ ਕਮੇਟੀ ਦੇ ਚੇਅਰਮੈਨ ਵੈਣੂ ਗੋਪਾਲ ਦੀ ਪ੍ਰਧਾਨਗੀ ਹੇਠ ਮੀ-ਟਿੰਗ ਹੋਈ। ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮ-ਾਰੀ ਹਾਜ਼ਰ ਸਨ। ਸੂਤਰ ਦੱਸਦੇ ਹਨ ਕਿ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਦੀ ਟਿਕਟ ਨੂੰ ਲੈ ਕੇ ਮੀਟਿੰਗ ਵਿਚ ਮੈਂਬਰਾਂ ਵਿਚ ਸਹਿਮਤੀ ਨਹੀਂ ਬਣ ਰਹੀ ਸੀ, ਪਰ ਮੌਜੂਦਾ ਮੈਂਬਰਾਂ ਨੂੰ ਦੁਬਾਰਾ ਟਿਕਟ ਦੇਣ ਦੇ ਫਾਰਮੂਲੇ ਤਹਿਤ ਉਨ੍ਹਾਂ ਦੇ ਨਾਂ 'ਤੇ ਵੀ ਮੋਹਰ ਲਾ ਦਿੱਤੀ ਗਈ। ਕਾਂਗਰਸੀ ਸੂਤਰਾਂ ਅਨੁਸਾਰ ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ, ਗੁਰਦਾਸਪੁਰ ਤੋਂ ਸੁਨੀਲ ਜਾਖੜ, ਪਟਿਆਲਾ ਤੋਂ ਪਰਨੀਤ ਕੌਰ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ, ਜਲੰਧਰ ਤੋਂ ਚੌਧਰੀ ਸੰਤੋਖ ਸਿੰਘ ਅਤੇ ਹੁਸ਼ਿਆਰਪੁਰ ਤੋਂ ਡਾ. ਰਾਜ ਕੁਮਾਰ ਚੱਬੇਵਾਲ ਦੇ ਨਾਂ 'ਤੇ ਮੋਹਰ ਲਾ ਦਿੱਤੀ ਗਈ ਹੈ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਸਾਹਿਤਕਾਰ ਪ੍ਰਵਾਨਾ ਦੀ ਇਤਿਹਾਸਕ ਪੁਸਤਕ 'ਚੋਣਵੀਆਂ ਇਤਿਹਾਸਕ ਰਚਨਾਵਾਂ' ਗੋਸ਼ਟੀ ਨੂੰ ਮਿਲਿਆ ਭਰਵਾਂ ਹੁੰਗਾਰਾ

**ਯੂਨੀਅਨ ਸਿਟੀ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਪ੍ਰਸਿੱਧ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸਕ ਪੁਸਤਕ 'ਚੋਣਵੀਆਂ ਇਤਿਹਾਸਕ ਰਚਨਾਵਾਂ' (ਇਤਿਹਾਸ) ਤੇ ਗੋਸ਼ਟੀ ਬੜੇ ਹੀ ਪ੍ਰਭਾਵਸ਼ਾਲੀ ਖੁਸ਼ਗਵਾਰ ਮਾਹੌਲ ਵਿਚ ਸੰਪੰਨ ਹੋਈ।

ਜਿਸ ਵਿਚ ਸਾਹਿਤਕਾਰਾਂ, ਭਾਈਚਾਰਾ, ਕਾਰੋਬਾਰੀ ਅਤੇ ਪਤਵੰਤਿਆਂ ਨੇ ਹਾਜਰੀ ਭਰੀ। ਪ੍ਰਵਾਨਾ ਵੱਲੋਂ ਸ਼ਹੀਦੀ ਦਿਵਸ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਯਾਦ ਕਰਦਿਆਂ ਸ਼ਹੀਦ ਭਗਤ ਦੇ 6 ਅਪ੍ਰੈਲ 1928 ਦੇ ਲੇਖਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸੰਨ 1857-1947 ਦੇ ਲੰਮੇ ਸੰਘਰਸ਼ ਵਿਚ ਆਜ਼ਾਦੀ ਪ੍ਰਵਾਨਿਆਂ ਨੇ ਸੁਪਨਾ ਵੇਖਿਆ ਕਿ ਸਮਾਜ ਵਿਚ ਕੋਈ ਭੁੱਖਾ ਨਾ ਰਹੇ, ਹਰ ਇਕ ਨੂੰ ਸਿੱਖਿਆ ਮਿਲੇ, ਬਿਮਾਰ ਦਾ ਇਲਾਜ ਹੋਵੇ, ਕਿਸਾਨ ਮਜ਼ਦੂਰ ਨੂੰ ਮਿਹਨਤ ਦਾ ਮੁੱਲ ਮਿਲੇ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਜਾਤ-ਪਾਤ, ਧਰਮ ਤੇ ਵਿਤਕਰਾ ਨਾ ਹੋਵੇ,



ਫਿਰਕਾਪ੍ਰਸਤੀ ਨਾ ਹੋਵੇ, ਅੰਧ ਵਿਸ਼ਵਾਸ ਖਤਮ ਹੋਵੇ। ਬੀਬੀ ਅਜੀਤ ਕੌਰ ਸੈਕਰਾਮੈਂਟੋ ਵੱਲੋਂ ਪੁਸਤਕ ਤੇ ਪਰਚਾ ਪੜ੍ਹਦਿਆਂ ਕਿਹਾ ਕਿ ਲੇਖਕ ਨੇ ਬੜੇ ਹੀ ਅਲੋਕਾਰੀ ਢੰਗ ਨਾਲ ਵਕਤ ਦੀ ਨਬਜ਼ ਪਛਾਣੀ ਹੈ।

ਗੁਰ ਇਤਿਹਾਸ ਨੂੰ ਬੜੇ ਸੰਜਮ, ਸਾਦਗੀ ਅਤੇ ਮਾਸੂਮੀਅਤ ਨਾਲ ਪੇਸ਼ ਕਰਕੇ ਪੁਰਾਣੀ ਤੇ ਨਵੀਂ ਪੀੜ੍ਹੀ ਦੀ ਚਿਰੋਕਣੀ ਲੋੜ ਪੂਰੀ ਕੀਤੀ ਹੈ। ਇਸ ਮੌਕੇ ਜਗਦੀਪ ਸਿੰਘ ਫਰੀਮਾਂਟ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਅਮਰਜੀਤ ਸਿੰਘ ਜੌਹਲ ਅਤੇ ਡਾ. ਕਪਿਲਾ ਨੇ ਕਵਿਤਾਵਾਂ ਪੜ੍ਹੀਆਂ।

ਇਸ ਮੌਕੇ ਸਰਵਜੀਤ ਸਿੰਘ ਸੈਕਰਾਮੈਂਟੋ, ਹਰਦੀਪ ਸਿੰਘ, ਪ੍ਰਮਿੰਦਰ ਕੌਰ, ਅਰਸ਼ਵੀਰ ਸਿੰਘ, ਰਣਵੀਰ ਸਿੰਘ, ਅਵਤਾਰ ਸਿੰਘ ਧਾਮੀ, ਕਮਲਜੀਤ ਸਿੰਘ ਅਟਵਾਲ, ਅਮਰਜੀਤ ਸਿੰਘ ਨਿਰਵੈਲ, ਸੁਖਦੇਵ ਸਿੰਘ ਗਿੱਲ, ਤ੍ਰਿਪਤ ਕੌਰ, ਜਗਦੀਸ਼ ਕੌਰ ਰੰਧਾਵਾ, ਅਵਤਾਰ ਸਿੰਘ ਤਾਰੀ, ਕੇਵਲ ਸਿੰਘ, ਮਹਿੰਗਾ ਸਿੰਘ ਸਰਪੰਚ, ਹਰਪ੍ਰੀਤ ਕੌਰ, ਅਵਨਿੰਦਰ ਸਿੰਘ, ਜਸਲੀਨ ਕੌਰ, ਮਨਿੰਦਰ ਸਿੰਘ, ਸਾਹਿਬਨੂਰ ਸਿੰਘ, ਸਰਬਜੀਤ ਕੌਰ, ਸਤਪਾਲ ਸਿੰਘ ਮਦਾਰ, ਵੱਕ ਆਦਿ ਹਾਜ਼ਰ ਸਨ।

# ਯਾਦਗਾਰੀ ਹੋ ਨਿੱਬੜਿਆ ਬਾਗੜੀਆ ਸਕੂਲ ਦਾ ਸਲਾਨਾ ਸਮਾਗਮ






ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ ਵਿਖੇ ਸ੍ਰੀਮਤੀ ਰੀਤਾ ਸ਼ਰਮਾ ਦੀ ਦੇਖ-ਰੇਖ ਹੇਠ ਇਨਾਮ ਵੰਡ ਅਤੇ ਸਾਲਾਨਾ ਸਮਾਗਮ ਕਰਵਾਇਆ ਗਿਆ, ਜਿਸ ਵਿਚ ਨਾਇਬ ਤਹਿਸੀਲਦਾਰ ਅਮਰਗੜ੍ਹ ਹਰਪਾਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਸਿੱਖਿਆ ਅਫਸਰ ਸੰਗਰੂਰ ਮੁਕੇਸ਼ ਚੰਦਰ ਜੋਸ਼ੀ ਅਤੇ ਡੀ. ਐਸ. ਐਸ. ਬਰਜਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਅੱਵਲ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹੋਰ ਸਖਤ ਮਿਹਨਤ ਕਰਨ ਲਈ ਪੇਰਿਤ ਕਰਨ ਦੇ ਨਾਲ ਨਾਲ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸ਼ਬਦ, ਭੰਗੜਾ, ਗਿੱਧਾ, ਕੋਰੀਓਗ੍ਰਾਫੀ, ਮਾਇਮ, ਸਕਿੱਟ, ਗਰੁੱਪ ਡਾਂਸ, ਸੋਲੋ ਗਾਣਾ ਆਦਿ ਦੀ ਪੇਸ਼ਕਾਰੀ ਵਿਦਿਆਰਥੀਆਂ ਵੱਲੋਂ ਕੀਤੀ ਗਈ। ਅੰਤ ਵਿਚ ਪ੍ਰਿੰਸੀਪਲ ਰੀਤਾ ਸ਼ਰਮਾ ਵੱਲੋਂ ਸਾਰੇ ਹੀ ਮਾਪੇ, ਦਾਨੀ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਸਹੀ ਸੇਧ ਦੇ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਈਏ। ਵੱਖ-ਵੱਖ ਵੰਨਗੀਆਂ ਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।



ਆਰ. ਐਸ. ਐਸ./ ਭਾਜਪਾ ਦੁਆਰਾ ਆਦਿਵਾਸੀਆਂ/ਦਲਿਤਾਂ ਦੇ ਦਮਨ ਦੇ ਵਿਰੋਧ ਵਿਚ ਸਾਬਕਾ ਆਈ. ਜੀ. ਐਸ. ਆਰ. ਦਾਰਾਪੁਰੀ ਰਾਬਰਟਸਗੰਜ ਲੋਕ ਸਭਾ ਸੀਟ ਤੋਂ ਚੋਣਾਂ ਵਿਚ ਉਤਰੇ ਹਨ। ਸਪਾ, ਬਸਪਾ ਅਤੇ ਕਾਂਗਰਸ ਸਮੇਤ ਹੋਰ ਕੋਈ ਵੀ ਪਾਰਟੀ ਇਸਦਾ ਵਿਰੋਧ ਨਹੀਂ ਕਰ ਰਹੀ ਹੈ। ਅੰਤ ਸਾਰੀ ਜਨ ਰਾਜਨੀਤੀ ਪੱਖ ਵਾਲੀਆਂ ਤਾਕਤਾਂ ਤੋਂ ਸਹਿਯੋਗ ਦੀ ਆਸ ਹੈ।

# ਬਸਪਾ ਨੇ ਪਿਛਲੇ ਸਾਲ ਦੇਸ਼ ਭਰ 'ਚ ਸ਼ਹੀਦ ਹੋਏ ਬਹੁਜਨਾਂ ਨੂੰ ਦਿੱਤੀ ਸਰਧਾਂਜਲੀ



**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਹੁਜਨ ਸਮਾਜ ਪਾਰਟੀ ਵੱਲੋਂ ਅੰਬੇਡਕਰ ਚੌਂਕ ਲੁਧਿਆਣਾ ਵਿਖੇ ਇੱਕ ਸਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਵਿੱਚ ਪਿਛਲੇ ਸਾਲ ਭਾਰਤ ਬੰਦ ਦੌਰਾਨ ਅਖੌਤੀ ਉੱਚ ਜਾਤੀਆਂ ਵੱਲੋਂ ਦੇਸ਼ ਭਰ ਵਿੱਚ ਸ਼ਹੀਦ ਕੀਤੇ ਬਹੁਜਨ ਸਮਾਜ ਦੇ ਲੋਕਾਂ ਨੂੰ ਯਾਦ ਕਰਦਿਆਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕਰਕੇ ਸਰਧਾਂਜਲੀ ਦਿੱਤੀ ਗਈ। ਇਸ ਮੌਕੇ ਸ੍ਰੀ ਬਿਲਗਾ ਨੇ ਕਿਹਾ ਕਿ ਜਦੋਂ ਦੀ ਦੇਸ਼ ਵਿੱਚ ਮੋਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਬਹੁਜਨ ਸਮਾਜ ਅਤੇ ਧਾਰਮਿਕ ਘੱਟ ਗਿਣਤੀਆਂ ਉੱਤੇ ਜਬਰ ਜੁਲਮ ਵਿੱਚ ਬੇਤਹਾਸਾ ਵਾਧਾ ਹੋਇਆ ਹੈ। ਜੋ ਕੁਝ ਹੋ ਰਿਹਾ ਹੈ ਉਹ ਯੋਜਨਾਵੱਧ ਤਰੀਕੇ ਨਾਲ ਮੋਦੀ ਐਂਡ ਕੰਪਨੀ ਦੀ ਸ਼ਹਿ ਤੇ ਹੋ ਰਿਹਾ ਹੈ। ਦੇਸ਼ ਦੇ ਲੋਕਾਂ ਉੱਤੇ ਹਿੰਦੂਰਾਸ਼ਟਰ ਨੂੰ ਜਬਰੀ ਥੋਪ ਕੇ ਭਾਰਤੀ ਸੰਵਿਧਾਨ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਭਾਰਤੀ ਸੰਵਿਧਾਨ ਜੋ ਹਰ ਇੱਕ ਨੂੰ ਸਮਾਨ ਅਧਿਕਾਰ ਦੇ ਰਿਹਾ ਹੈ ਦੀ ਜਗਾ ਤੇ ਮਨੂੰਸਮਿਰਤੀ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਜਿਸ ਮਨੂੰਸਮਿਰਤੀ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਕੇ ਹਜਾਰਾਂ ਸਾਲ ਦੇਸ਼ ਦੇ ਬਹੁਜਨਾਂ ਤੇ ਚਾਰ ਵਰਣਾ ਦੀ ਵਿਵਸਥਾ ਲਾਗੂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਲਈ ਹਾਸੀਏ ਤੇ ਧੱਕਾ ਹੋਇਆ ਸੀ। ਏਹ ਲੋਕ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਥੋੜੇ ਸੁਰਖਰੂ ਹੋਏ ਸਨ ਜੋ ਬ੍ਰਾਮਣਵਾਦੀਆਂ ਨੂੰ ਪਸੰਦ ਨਹੀਂ ਇਸ ਲਈ ਉਹ ਭਾਰਤੀ ਸੰਵਿਧਾਨ ਨੂੰ ਖਤਮ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 2 ਅਪ੍ਰੈਲ ਨੂੰ ਮੋਦੀ ਐਂਡ ਪਾਰਟੀ ਦੇ ਵਿਰੁੱਧ ਪੂਰੇ ਦੇਸ਼ ਵਿੱਚ ਗੁੱਸੇ ਦੀ ਲਹਿਰ ਉੱਠੀ ਸੀ ਜਿਸ ਵਿੱਚ ਸਾਡੇ ਕਈ ਵੀਰ ਸ਼ਹੀਦ ਹੋਏ ਸਨ। ਉਨ੍ਹਾਂ ਦੀ ਸ਼ਹੀਦੀ ਅਜਾਈ ਨਹੀ ਜਾਣ ਦਿੱਤੀ ਜਾਵੇਗੀ ਅਤੇ ਲੋਕ ਸਭਾ ਚੋਣਾਂ ਰਾਹੀਂ ਦੇਸ਼ ਦੇ ਬਹੁਜਨ ਆਪਣੀ ਵੋਟ ਬਸਪਾ ਅਤੇ ਇਸਦੀਆਂ ਭਾਈਵਾਲ ਪਾਰਟੀਆਂ ਨੂੰ ਪਾ ਕੇ ਮੋਦੀ ਐਂਡ ਕੰਪਨੀ ਦਾ ਬੋਰੀਆ ਬਿਸਤਰਾ ਗੋਲ ਕਰ ਦੇਣਗੀਆਂ।

ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਇਸ ਅਤਿਮਾੜੀ ਸਰਕਾਰ ਤੋਂ ਛੁੱਟਕਾਰਾ ਪਾਉਣ ਲਈ ਇੱਕਜੁੱਟ ਹੋਣ ਦਾ ਸੱਦਾ ਦਿੰਦਿਆਂ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਦਪੀ ਅਪੀਲ ਕੀਤੀ। ਇਸ ਮੌਕੇ ਰਾਮ ਸਿੰਘ ਗੋਗੀ, ਦੇਸ਼ਰਾਜ ਚੌਹਾਨ, ਜੀਤਰਾਮ ਬਸਰਾ, ਗੁਰਮੇਲ ਸਿੰਘ, ਭੁਪਿੰਦਰ ਸਿੰਘ ਜੋੜਾ, ਮਾਸਟਰ ਰਾਮਨੰਦ, ਵਿੱਕੀ ਕੁਮਾਰ, ਵਿੱਕੀ ਬਹਾਦਰਕੇ, ਨਿਰਮਲ ਸਿੰਘ ਸਾਇਆਂ, ਨਰੇਸ਼ ਬਸਰਾ, ਇੰਦਰੇਸ ਤੋਮਰ, ਮਨਜੀਤ ਸਿੰਘ ਬਾੜੇਵਾਲ, ਅਨੁਜ ਕੁਮਾਰ, ਰਵੀਕਾਂਤ ਜੱਖੂ, ਹਰਸ਼ਦੀਪ ਸਿੰਘ ਮਹਿਦੂਦਾਂ ਯੂਥ ਪ੍ਰਧਾਨ, ਰਾਜਿੰਦਰ ਨਿੱਕਾ, ਜਸਪਾਲ ਭੌਰਾ, ਜਸਵੀਰ ਪਾਲ, ਬਲਵਿੰਦਰ ਜੱਸੀ, ਲੇਖਰਾਜ ਬਿਲਗਾ, ਮਨੀ, ਬੂਟਾ ਸਿੰਘ, ਚਰਨ ਸਿੰਘ ਲੁਹਾਰਾ, ਅਮਰੀਕ ਸਿੰਘ, ਗੁਰਮੀਤ ਸਿੰਘ ਰੇਲਵੇ, ਪ੍ਰੇਮ ਸਿੰਘ ਜੋਧਾਂ, ਬਿੱਟੂ ਪ੍ਰਤਾਪ ਸਿੰਘ ਵਾਲਾ, ਗੁਰਦੀਪ ਸਿੰਘ ਚੰਮਿਡਾ, ਖਵਾਜਾ ਅਤੇ ਹੋਰ ਹਾਜਰ ਸਨ।

## ਵਿਆਹ ਦੀ ਵਰ੍ਹੇਗੰਢ ਮੁਬਾਰਕ



ਜੈਤੋ ਮੰਡੀ ਦੇ ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਅਤੇ ਨੀਨਾ ਧੀਰ ਨੂੰ ਵਿਆਹ ਦੀ 9ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਇੰਡੀਆ ਕੁਜ਼ੀਨ ਵਿਖੇ ਵਿਪਸਾ ਦਾ ਮਾਸਿਕ ਇਕੱਠ ਹੋਇਆ

24 ਮਾਰਚ 2019 ਨੂੰ ਇੰਡੀਆ ਕੁਜ਼ੀਨ ਵਿਖੇ ਵਿਪਸਾ ਦਾ ਮਾਸਿਕ ਇਕੱਠ ਹੋਇਆ। ਮੀਟਿੰਗ ਦੇ ਸ਼ੁਰੂ ਵਿਚ ਸੁਰਿੰਦਰ ਸਿੰਘ ਸੀਰਤ ਜੀ ਨੇ ਸਾਰਿਆਂ ਨੂੰ ਜੀ ਆਇਆ ਆਖ ਸੰਵਿਧਾਨ ਬਾਰੇ ਗੱਲ ਕੀਤੀ ਤੇ ਹੋਈਆਂ ਤਬਦੀਲੀਆਂ ਬਾਰੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਾਰਜਕਾਰਨੀ ਮੀਟਿੰਗ ਦਾ ਸੁਖਦੇਵ ਸਾਹਿਲ ਖਾਸ ਸਪੈਸ਼ਲ ਮੈਂਬਰ ਹੋਵੇਗਾ ਜੋ ਸਾਹਿਤਿਕ ਗੱਲਾਂ ਬਾਰੇ ਵੋਟ ਤਾਂ ਨਹੀਂ ਕਰ ਸਕੇਗਾ; ਪਰ ਉਸ ਦੀ ਰਾਏ ਹੋਰ ਸਭਾ ਦੀਆਂ ਗੱਲਾਂ ਬਾਰੇ ਪੂਰੀ ਪੂਰੀ ਲਈ ਜਾਵੇਗੀ। ਮੀਟਿੰਗ ਦੀ ਪ੍ਰਧਾਨਗੀ ਦਰਸ਼ਨ ਸਿੰਘ ਨੱਤ ਜੀ ਨੇ ਕੀਤੀ। ਉਹ ਛੇਤੀ ਹੀ ਭਾਰਤ ਜਾ ਰਹੇ ਨੇ ਇਸ ਲਈ ਉਨ੍ਹਾਂ ਨੂੰ ਦੇਸ਼ ਵਾਪਸੀ ਲਈ ਸ਼ੁਭ ਇੱਛਾਵਾਂ ਵੀ ਦਿੱਤੀਆਂ ਗਈਆਂ। ਵਿਪਸਾ ਉਨ੍ਹਾਂ ਨੂੰ ਮਿਸ ਕਰੇਗਾ। ਤਾਰਾ ਸਾਗਰ ਜੀ ਨੇ ਪੋਤੇ ਦੇ ਜਨਮ ਤੇ ਦਾਦਾ ਜੀ ਬਣਨ ਦੀ ਖੁਸ਼ੀ ਵਿਚ ਲੱਡੂ ਲਿਆਂਦੇ ਤੇ ਆਪਣੀ ਖੁਸ਼ੀ ਸਭਾ ਨਾਲ ਸਾਂਝੀ ਕੀਤੀ – ਸਾਰਿਆਂ ਨੇ ਉਨ੍ਹਾਂ ਨੂੰ ਦਾਦਾ ਬਣਨ ਦੀ ਖੁਸ਼ੀ ਦੀ ਵਧਾਈ ਦਿੱਤੀ। ਨੀਲਮ ਸੈਣੀ ਨੇ ਪ੍ਰੋਗਰਾਮ ਨੂੰ ਜਾਰੀ ਕਰਦਿਆਂ ਮੰਚ ਸੰਚਾਲਨ ਕਰਦਿਆਂ ਤਾਰਾ ਸਾਗਰ ਨੂੰ ਵਧਾਈ ਦਿੱਤੀ ਤੇ ਨੱਤ ਸਾਹਿਬ ਜੀ



ਨੂੰ ਅਲਵਿਦਾ ਆਖੀ। ਸਭਾ ਦੇ ਦੂਜੇ ਪੜ੍ਹਾ ਵਿੱਚ ਸੁਰਿੰਦਰ ਸਿੰਘ ਸੀਰਤ ਜੀ ਨੇ ਇੱਕ ਮਿੰਨੀ ਕਹਾਣੀ "ਮੁਜ਼ਾਹਿਦ" ਪੜ੍ਹੀ ਜੋ ਕਿ ਅਜੋਕੇ ਕਸ਼ਮੀਰ ਵਾਦੀ ਦੀ ਹਾਲਾਤ ਦੀ ਤਸਵੀਰ ਨੂੰ ਲਫ਼ਜ਼ਾਂ ਵਿੱਚ ਬਿਆਨ ਕਰਦੀ ਹੈ। ਸਾਰਿਆਂ ਨੇ ਕਹਾਣੀ ਨੂੰ ਪਸੰਦ ਕੀਤਾ। ਕੁਲਵਿੰਦਰ ਨੂੰ ਕਹਾਣੀ ਦਾ ਸਟਾਈਲ ਬਹੁਤ ਪਸੰਦ ਆਇਆ। ਦਰਸ਼ਨ ਨੱਤ ਜੀ ਨੇ ਕਿਹਾ ਕਿ ਕਹਾਣੀ ਵਿੱਚ ਇੱਕ ਸੰਖੇਪਤਾ ਸੀ ਤੇ ਉਨ੍ਹਾਂ ਨੇ ਸੀਰਤ ਜੀ ਦੀ ਤੀਖਣ observations ਦੀ ਭਰਪੂਰ ਪ੍ਰੰਸਸਾ ਕੀਤੀ। ਇਸ ਤੋਂ ਬਾਅਦ ਕਵੀ ਦਰਬਾਰ ਹੋਇਆ ਜਿਸ ਵਿੱਚ ਕੁਲਵਿੰਦਰ, ਰੇਸ਼ਮ ਸਿੰਘ, ਤਾਰਾ ਸਾਗਰ , ਗੁਲਸ਼ਨ ਦਿਆਲ ਤੇ ਨੀਲਮ ਸੈਣੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸੁਖਪਾਲ ਸੰਘੇੜਾ ਨੇ 23 ਮਾਰਚ ਨੂੰ ਚੇਤੇ ਵਿੱਚ ਰੱਖਦਿਆਂ ਪਾਸ਼ ਨੂੰ ਯਾਦ ਕੀਤਾ ਤੇ ਪਾਸ਼ ਦੀਆਂ ਨਜ਼ਮਾਂ ਸਾਂਝੀਆਂ ਕੀਤੀਆਂ ਤੇ ਉਸ ਤੋਂ ਬਾਅਦ ਸਾਰਿਆਂ ਦੇ ਆਖਣ ਤੇ ਆਪਣੀਆਂ ਨਜ਼ਮਾਂ ਵੀ ਸਾਂਝੀਆਂ ਕੀਤੀਆਂ।ਹਰਮੇਸ਼ ਕੁਮਾਰ ਜੀ ਨੇ ਤੇ ਉਨ੍ਹਾਂ ਦੇ ਭਾਰਤ ਤੋਂ ਆਏ ਮਹਿਮਾਨ ਨੇ ਵੀ ਸਭਾ ਵਿੱਚ ਸ਼ਿਰਕਤ ਕੀਤਾ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਸੁਰਿੰਦਰ ਸਿੰਘ ਸੀਰਤ ਜੀ ਦੀ ਅਗਵਾਈ ਹੇਠ ਅਮਰੀਕਨ ਲਿਖਾਰੀਆਂ ਦੀਆਂ ਕਹਾਣੀਆਂ ਛਪਵਾਉਣ ਲਈ ਇਕੱਠੀਆਂ ਕੀਤੀਆਂ ਜਾਣਗੀਆਂ।ਮਈ ਤੱਕ ਹਰ ਕੋਈ ਆਪਣੀ ਕਹਾਣੀ ਭੇਜ ਸਕਦਾ ਹੈ।ਨੀਲਮ ਸੈਣੀ ਤੇ ਅਮਰਜੀਤ ਪੰਨੂੰ ਇਨ੍ਹਾਂ ਕਹਾਣੀਆਂ ਨੂੰ ਸੰਪਾਦਨ ਕਰਨਗੇ। ਅਖੀਰ ਵਿੱਚ ਸਭਾ ਤੇ ਮੀਟਿੰਗ ਬਾਰੇ ਆਖ਼ਰੀ ਲਫ਼ਜ਼ ਦਰਸ਼ਨ ਸਿੰਘ ਨੱਤ ਜੀ ਨੇ ਆਖੇ।

## ਅਪੀਲ



ਪਾਸਟਰ ਬਸ਼ਾਰਤ ਮਸੀਹ ਦੀਨਾਨਗਰ ਪੰਜਾਬ
91-88474-76383

ਦੂਜੇ ਵਿਸ਼ਵ ਯੁੱਧ ਦੌਰਾਨ, ਇੱਕ ਅਮਰੀਕੀ ਸਮੁੰਦਰੀ ਜਹਾਜ਼ ਨੂੰ ਪੈਸਿਫਿਕ ਟਾਪੂ ਤੇ ਦੁਸ਼ਮਨ ਫੌਜਾਂ ਵੱਲੋਂ ਘੇਰ ਲਿਆ ਸੀ। ਲੜਾਈ ਘਮਾਸਾਨ ਚਲ ਰਹੀ ਸੀ, ਧੂੰਏ ਅਤੇ ਕ੍ਰਾਸ ਫਾਇਰ ਵਿੱਚ, ਉਸ ਅਮਰੀਕੀ ਸਿਪਾਹੀ ਨੇ ਆਪਣੇ ਸਾਥੀਆਂ ਨਾਲ ਸੰਪਰਕ ਗੁਆ ਦਿੱਤਾ ਸੀ।

ਜੰਗਲ ਵਿੱਚ, ਉਹ ਦੁਸ਼ਮਣ ਦੇ ਸਿਪਾਹੀਆਂ ਨੂੰ ਆਪਣੇ ਵਲ ਆਉਂਦੇ ਸੁਣ ਰਿਹਾ ਸੀ। ਉਹ ਲੁਕਣ ਵਾਸਤੇ ਦੋੜਿਆ। ਉਸ ਨੂੰ ਆਪਣੇ ਸਾਹਮਣੇ ਚਟਾਨ ਵਿੱਚ ਕਈ ਛੋਟੀਆਂ ਗੁਫ਼ਾਵਾਂ ਦਿਸਈਆਂ। ਉਹ ਭੱਜ ਕੇ ਇੱਕ ਗੁਫਾ ਅੰਦਰ ਵੜ ਗਿਆ। ਉਸ ਨੂੰ ਇਹ ਗੁਫ਼ਾ, ਭਾਵੇਂ ਇੱਕ ਪਲ ਲਈ ਲੁਕਣ ਲਈ ਚੰਗੀ ਜਾਪੀ। ਫੇਰ ਛੇਤੀ ਹੀ, ਉਸ ਨੇ ਸਮਝ ਲਿਆ ਕਿ ਜਦੋਂ ਦੁਸ਼ਮਣ ਦੇ ਫੌਜੀਆਂ ਨੇ ਤਲਾਸ਼ੀ ਲਈ, ਤਾਂ ਉਹ ਸਾਰੀਆਂ ਗੁਫ਼ਾਵਾਂ ਦੀ ਤਲਾਸ਼ੀ ਲੈਣਗੇ ਅਤੇ ਉਸ ਨੂੰ ਮਾਰ ਦਿੱਤਾ ਜਾਵੇਗਾ।

ਇਸੇ ਵੇਲੇ ਉਸ ਨੇ ਪ੍ਰਾਰਥਨਾ ਕੀਤੀ। "ਹੇ ਪ੍ਰਭੂ, ਜੇਕਰ ਤੂੰ ਚਾਹੇ, ਤਾਂ ਮੈਨੂੰ ਬਚਾ ਲੈ । ਫੇਰ ਵੀ ਤੁਹਾਡੀ ਜੋ ਮਰਜ਼ੀ ਹੋਵੇ, ਮੈਂ ਆਪ ਜੀ ਨੂੰ ਪਿਆਰ ਕਰਦਾ ਹਾਂ ਅਤੇ ਆਪ ਜੀ ਉੱਤੇ ਹੀ ਭਰੋਸਾ ਕਰਦਾ ਹਾਂ, ਯਿਸ਼ੂ ਜੀ ਦੇ ਨਾਮ ਵਿੱਚ ਆਮੀਨ। ਪ੍ਰਾਰਥਨਾ ਕਰਨ ਤੋਂ ਬਾਅਦ, ਉਹ ਚੁੱਪਚਾਪ ਬੈਠਾ ਸੁਣਦਾ ਹੈ ਕਿ ਦੁਸ਼ਮਣ ਫੌਜੀ ਨੇੜੇ ਆ ਰਹੇ ਹਨ। ਫਿਰ ਉਸਨੇ ਦੇਖਿਆ ਕਿ ਇੱਕ ਮੱਕੜੀ ਨੇ ਗੁਫਾ ਦੇ ਸਾਹਮਣੇ ਜਾਲ ਬਣਾ ਦਿੱਤਾ। ਦੁਸ਼ਮਣ ਦੇ ਫੌਜੀਆਂ ਨੇ ਗੁਫ਼ਾਵਾਂ ਦੀ ਤਲਾਸੀ ਲੈਣੀ ਸ਼ੁਰੂ ਕਰ ਦਿਤੀ। ਉਸ ਨੇ ਸੋਚਿਆ। "ਮੈਨੂੰ ਇਸ ਵੇਲੇ ਪੱਥਰਾਂ ਦੀ ਕੰਧ ਦੀ ਲੋੜ ਸੀ ਅਤੇ ਪਰਮੇਸ਼ਵਰ ਨੇ ਮੱਕੜੀ ਦਾ ਜਾਲ ਭੇਜ ਦਿੱਤਾ। ਪਰਮੇਸ਼ਵਰ ਸ਼ਾਇਦ ਤੁਸੀ ਮੇਰੇ ਨਾਲ ਮਜ਼ਾਕ ਕਰ ਰਹੇ ਹੋ।

ਜਿਉਂ ਹੀ ਦੁਸ਼ਮਣ ਉਸਦੀ ਗੁਫਾ ਦੇ ਬਹੁਤ ਨਜ਼ਦੀਕ ਆਏ ਤਾਂ ਉਹ ਆਪਣੇ ਆਖਰੀ ਸਟੈਂਡ ਲਈ ਤਿਆਰ ਹੋ ਗਿਆ। ਪਰ, ਉਹ ਹੈਰਾਨ ਸੀ ਕਿ ਉਸ ਦੀ ਗੁਫ਼ਾ ਦੇ ਵਲ ਆਉਂਦੇ ਆਉਂਦੇ ਉਹ ਅਚਾਨਕ ਅਗਾਂਹ ਕਿਵੇਂ ਚਲੇ ਗਏ। ਉਸ ਨੇ ਸਮਝ ਲਿਆ ਕਿ ਗੁਫਾ ਦੇ ਮੂੰਹ ਉੱਪਰ ਮੱਕੜੀ ਦਾ ਜਾਲ ਹੋਣ ਕਰਕੇ, ਉਸ ਦੀ ਗੁਫਾ ਇਸ ਤਰ੍ਹਾਂ ਜਾਪਦੀ ਸੀ ਕਿ ਕੋਈ ਵੀ ਇਸ ਵਿੱਚ ਦਾਖਲ ਨਹੀਂ ਹੋਇਆ ਸੀ। "ਪ੍ਰਭੂ, ਮੈਨੂੰ ਮਾਫ਼ ਕਰੋ" ਉਸ ਨੌਜਵਾਨ ਫ਼ੌਜੀ ਨੇ ਪ੍ਰਾਰਥਨਾ ਕੀਤੀ। "ਮੈਂ ਥੋੜੇ ਸਮੇਂ ਲਈ ਭੁੱਲ ਗਿਆ ਸੀ ਕਿ ਜਿਸ ਮਕੜੀ ਦੇ ਜਾਲ ਵਿੱਚ ਤੂੰ ਹੁੰਦਾ ਹੈ ਉਹ ਪੱਥਰਾਂ ਦੀ ਕੰਧ ਨਾਲੋਂ ਵੀ ਵਧੇਰੇ ਮਜ਼ਬੂਤ ਹੁੰਦੀ ਹੈ।" ਜਦੋਂ ਅਸੀ ਬਹੁਤ ਵੱਡੀਆਂ ਮੁਸ਼ਕਲਾਂ ਦੇ ਦੌਰ ਦਾ ਸਾਹਮਣਾ ਕਰਦੇ ਹਾਂ ਤਾਂ ਪਰਮੇਸ਼ਵਰ ਦੁਆਰਾ ਦਿੱਤੀਆਂ ਪਹਲੀਆਂ ਜਿੱਤਾਂ ਨੂੰ ਭੁੱਲ ਜਾਣਾ ਬਹੁਤ ਆਸਾਨ ਹੁੰਦਾ ਹੈ।

**ਯਾਦ ਰੱਖੋ:** ਪ੍ਰਮੇਸ਼ਵਰ ਜੀ ਆਖਦੇ ਹਨ, "ਤੁਹਾਡੇ ਵਿਚਾਰ ਮੇਰੇ ਵਿਚਾਰਾਂ ਵਰਗੇ ਨਹੀਂ ਹਨ। ਤੁਹਾਡੇ ਰਸਤੇ ਮੇਰੇ ਰਸਤਿਆਂ ਵਰਗੇ ਨਹੀਂ ਹਨ। ਯਸਾਯਾਹ 55:8 (ਪਵਿੱਤਰ ਬਾਈਬਲ) ਸ਼ਾਇਦ, ਅੱਜ ਅਸੀ ਆਪਣੀ ਜਿੰਦਗੀ ਦੇ ਕੁਝ ਔਖੇ ਵਕਤ ਦਾ ਸਾਹਮਣਾ ਕਰ ਰਹੇਂ ਹਾਂ। ਕੇਵਲ ਇੱਕ ਮੱਕੜੀ ਦਾ ਜਾਲ ਹੀ ਉਸ ਵਕਤ ਪੱਥਰਾਂ ਦੀ ਕੰਧ ਤੋਂ ਵੀ ਜਿਆਦਾ ਮਜਬੂਤ ਬਣ ਸਕਦਾ ਹੈ ਜਦੋਂ ਪਰਮੇਸ਼ਵਰ ਜੀ ਨਾਲ ਹਨ। ਵਿਸ਼ਵਾਸ ਕਰੋ ਕਿ ਉਹ ਉਸਦੇ ਕੋਲ ਪ੍ਰਾਰਥਨਾ ਕਰਨ ਵਾਲਿਆਂ ਦੀ ਸੁਣਦਾ ਹੈ ਅਤੇ ਹਮੇਸ਼ਾ ਤੁਹਾਡੇ ਨਾਲ ਹੈ। ਕੇਵਲ ਉਸਦੀ ਮਦਦ ਮੰਗੋ ਅਤੇ ਤੁਸੀ ਉਸਦੀ ਮਹਾਨ ਸ਼ਕਤੀ ਅਤੇ ਪਿਆਰ ਨੂੰ ਵੇਖ ਸਕੋਗੇ। ਯਿਸੂ ਮਸੀਹ ਦੇ ਤਾਕਤਵਰ ਨਾਮ ਵਿੱਚ, ਅਮੀਨ!

**ਇੱਕ ਅਪੀਲ:** ਪਿਆਰੇ ਪਾਠਕੋ, ਨਿਮਰਤਾ ਸਹਿਤ ਬੇਨਤੀ ਹੈ ਜੋ ਅਸੀ ਦੀਨਾਨਗਰ (ਪੰਜਾਬ) ਸਥਿਤ ਪ੍ਰਾਰਥਨਾ ਘਰ ਬਣਾ ਰਹੇ ਹਾਂ। ਜੋ 22 ਫੁੱਟ ਚੌੜਾ ਅਤੇ 40 ਫੁੱਟ ਲੰਬਾ ਹੈ। ਇਸ ਇਮਾਰਤ ਦੇ ਲੈਂਟਰ ਵਾਸਤੇ ਪੈਸੇ ਘੱਟ ਹਨ। ਇਸ ਸੰਗਤੀ ਦੇ ਦਵਾਰਾ ਬਹੁਤ ਸਾਰੇ ਲੋਕਾਂ ਨੇ ਆਤਮਿਕ ਸ਼ਾਂਤੀ, ਬਿਮਾਰੀਆਂ ਤੋ ਸ਼ਿਫਾ, ਨਸ਼ਿਆਂ ਤੋਂ ਆਜ਼ਾਦੀ ਪਾਈ ਹੈ । ਆਪ ਜੀ ਦੇ ਚਰਨਾ ਵਿੱਚ ਬੇਨਤੀ ਹੈ ਜੋ ਆਪ ਜੀ ਇਸ ਨੇਕ ਅਤੇ ਪਵਿੱਤਰ ਕੰਮ ਵਿੱਚ ਆਪਣਾ ਯੋਗਦਾਨ ਦੇਓ ਜੀ। ਅਸੀ ਅਰਦਾਸ ਕਰਦੇ ਹਾਂ ਜੋ ਪ੍ਰਮੇਸ਼ਵਰ ਪਿਤਾ ਇਸ ਦੇ ਬਦਲੇ ਆਪ ਜੀ ਅਤੇ ਆਪ ਜੀ ਦੇ ਪਰਿਵਾਰਾਂ ਨੂੰ ਆਉਣ ਵਾਲੇ ਸਮੇਂ ਵਿੱਚ ਹਰ ਖੇਤਰ ਵਿੱਚ ਉਨੱਤ ਕਰਨ। ਆਪ ਜੀ ਦੇ ਸਹਿਯੋਗ ਦੀ ਕਾਮਨਾ ਕਰਦੇ ਹਾਂ। ਦਾਨੀ ਸਜਨਾਂ ਦੇ ਲਈ ਉਹਨਾ ਦਵਾਰਾ ਭੇਜੀਆਂ ਪ੍ਰਾਰਥਨਾਵਾਂ ਵਾਸਤੇ ਹਰ ਹਫ਼ਤੇ ਅਰਦਾਸ ਕੀਤੀ ਜਾਵੇਗੀ। ਅਸੀ ਆਪ ਜੀ ਦੇ ਸਹਿਯੋਗ ਦੀ ਉਮੀਦ ਕਰਦੇ ਹਾਂ। ਯੋਗਦਾਨ ਵਾਸਤੇ ਹੇਠਾਂ ਦਿੱਤੇ ਬੈਂਕ ਵਿੱਚ ਦਾਨ ਰਾਸ਼ੀ ਭੇਜ ਸਕਦੇ ਹੋ ਜੀ।

Account Holder`s name: Basarat Masih
246, Awankha Dist. Gurdaspur 143531
INDIA
Account No. 006601027344
Swift-BIC Code: ICICINBBNRI
IFSC Code: ICIC0003559
Bank: ICICI Bank Ltd




# ਜੀ ਐਮ ਖੁਰਾਕੀ ਪਦਾਰਥਾਂ ਦੀ ਘੁਸਪੈਠ ਅਤੇ ਖੇਤੀ ਸੰਕਟ



ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

ਭਾਰਤ ਵਿੱਚ ਭਾਵੇਂ ਬੀਟੀ ਕਪਾਹ ਤੋਂ ਬਾਅਦ ਹੋਰ ਕਿਸੇ ਵੀ ਜੀਐਮ ਫ਼ਸਲ ਦੀ ਖੇਤੀ ਕਰਨ ਜਾਂ ਉਤਪਾਦ ਦਾ ਵਪਾਰ ਕਰਨ ਤੇ ਪਾਬੰਦੀ ਹੈ ਪਰ ਇਸ ਦੇ ਬਾਵਜੂਦ ਵੀ ਵੱਡੀ ਮਾਤਰਾ ਵਿੱਚ ਕਾਰਪੋਰੇਟ ਕੰਪਨੀਆਂ ਦੇ ਜੀਐਮ ਉਤਪਾਦ ਭਾਰਤ ਵਿੱਚ ਵੇਚੇ ਜਾ ਰਹੇ ਹਨ ਅਤੇ ਵਿਦੇਸ਼ਾਂ ਤੋਂ ਇਸ ਦੀ ਦਰਾਮਦ ਵੀ ਕੀਤੀ ਜਾ ਰਹੀ ਹੈ। ਇਹ ਵਸਤਾਂ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਵਰਤੀਆਂ ਵੀ ਰਹੀਆਂ ਹਨ। ਪਿਛੇ ਜਿਹੇ ਹੀ ਦਿੱਲੀ ਸਥਿਤ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ (ਸੀਐਸਈ) ਦੇ ਖੋਜੀਆਂ ਨੇ 65 ਖੁਰਾਕੀ ਵਸਤਾਂ ਵਿਚ ਹਾਨੀਕਾਰਕ ਪਦਾਰਥਾਂ ਦੀ ਜਾਂਚ ਕੀਤੀ ਇਨ੍ਹਾਂ ਵਿੱਚ ਰੋਜ਼ਾਨਾ ਇਸਤੇਮਾਲ ਹੋਣ ਵਾਲਾ ਬਨਸਪਤੀ ਤੇਲ, ਸਰ੍ਹੋਂ ਦਾ ਤੇਲ, ਕਪਾਹ ਤੇ ਨਵਜਾਤ ਬੱਚੇ ਦਾ ਖਾਣਾ ਆਦਿ ਸ਼ਾਮਿਲ ਹਨ। ਜਾਂਚ ਵਿੱਚ ਇਨ੍ਹਾਂ ਖੁਰਾਕੀ ਪਦਾਰਥਾਂ ਵਿੱਚ ਜੀਐਮ (ਜੈਨੇਟੀਕਲੀ ਮੋਡੀਫਾਈਡ) ਉਤਪਾਦ ਪਾਏ ਗਏ। ਦੁਨੀਆਂ ਭਰ ਚ ਕੀਤੇ ਗਏ ਅਧਿਐਨ ਵਿੱਚ ਜੀ ਐਮ ਫ਼ਸਲਾਂ ਨੂੰ ਵਾਤਾਵਰਣ ਅਤੇ ਮਾਨਵ ਸਿਹਤ ਲਈ ਨੁਕਸਾਨਦੇਹ ਮੰਨਿਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਭਾਰਤ ਸਮੇਤ ਪੂਰੀ ਦੁਨੀਆਂ ਚ ਇਨ੍ਹਾਂ ਦੀ ਵਿਕਰੀ- ਖਰੀਦ ਅਤੇ ਖੇਤੀ ਗੈਰ-ਕਾਨੂੰਨੀ ਰੂਪ ਵਿੱਚ ਕੀਤੀ ਜਾ ਰਹੀ ਹੈ। ਭਾਰਤ ਵਿੱਚ ਜੀਐਮ ਵਸਤਾਂ ਦੀ ਘੁਸਪੈਠ ਨੂੰ ਕਾਨੂੰਨੀ ਜਾਮਾ ਪਹਿਨਾਉਣ ਦਾ ਕੰਮ 1990 ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਵਾਤਾਵਰਣ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਤਹਿਤ ਗਠਿਤ ਕੀਤੀ ਗਈ ਜੈਨੇਟਿਕ ਇੰਜੀਨੀਅਰਿੰਗ ਮੁਲਾਂਕਣ ਸੰਮਤੀ ਨੇ ਬੀਟੀ ਬੈਂਗਣ ਤੇ ਜੀਐਮ ਸਰ੍ਹੋਂ ਦੇ ਵਪਾਰਕ ਉਤਪਾਦ ਦੀ ਇਜਾਜ਼ਤ ਦੇ ਦਿੱਤੀ ਸੀ। ਅੱਜ ਜੀ ਐਮ ਸਰੋਂ ਸਾਡੇ ਭੋਜਨ ਦਾ ਹਿੱਸਾ ਹੈ, ਜਿਸ ਦਾ ਸਾਨੂੰ ਕੋਈ ਪਤਾ ਵੀ ਨਹੀਂ ਹੈ। ਅੱਜ ਭਾਰਤ ਵਿੱਚ ਮੌਜੂਦ ਜੀਐਮ ਖੁਰਾਕੀ ਪਦਾਰਥਾਂ ਵਿੱਚ ਅੱਸੀ ਫੀਸਦੀ ਪਦਾਰਥ ਦਰਾਮਦ ਕੀਤੇ ਹੋਏ ਹਨ। ਇਹ ਪਦਾਰਥ ਅਮਰੀਕਾ, ਕੈਨੇਡਾ, ਨੀਦਰਲੈਂਡ ਆਦਿ ਦੇਸ਼ਾਂ ਦੀਆਂ ਕੰਪਨੀਆਂ ਦੇ ਹਨ। ਦੇਸ਼ ਵਿੱਚ ਜੀਐਮ ਵਸਤਾਂ ਦੀ ਦਰਾਮਦ ਲਈ ਦੋ ਪੈਮਾਨਿਆਂ ਨੂੰ ਪੂਰਾ ਕਰਨਾ ਹੁੰਦਾ ਹੈ, ਪਹਿਲਾਂ-ਵਾਤਾਵਰਨ ਸੁਰੱਖਿਆ ਅਧਿਨਿਯਮ 1986 ਦੇ ਤਹਿਤ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਦਰਾਮਦ ਕੀਤੇ ਜੀਐਮ ਉਤਪਾਦ ਤੋਂ ਵਾਤਾਵਰਨ ਨੂੰ ਕੋਈ ਖਤਰਾ ਤਾਂ ਨਹੀਂ ਹੈ। ਦੂਜਾ ਖੁਰਾਕੀ ਸੁਰੱਖਿਆ ਅਧਿਨਿਯਮ 2006 ਦੇ ਤਹਿਤ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਇਨ੍ਹਾਂ ਉਤਪਾਦਾਂ ਦਾ ਮਾਨਵ ਸਿਹਤ ਤੇ ਕੋਈ ਮਾੜਾ ਅਸਰ ਤਾਂ ਨਹੀਂ ਹੈ ਪਰ ਇਨ੍ਹਾਂ ਪੈਮਾਨਿਆਂ ਨੂੰ ਨਜ਼ਰ ਅੰਦਾਜ਼ ਕਰਕੇ ਇਸ ਦੀ ਦਰਾਮਦ ਬੇਰੋਕ ਜਾਰੀ ਹੈ।ਵਿਸ਼ਵ ਸਿਹਤ ਸੰਸਥਾ ਅਤੇ ਸੰਯੁਕਤ ਰਾਸ਼ਟਰ ਖੇਤੀ ਤੇ ਸਿਹਤ ਸੰਗਠਨ ਦੀ ਇੱਕ ਸਹਿਯੋਗੀ ਸੰਸਥਾ ਕੋਡੇਕਸ ਐਲੀਮੈਂਟੋਰੀਮ ਨੇ ਜੀਐਮ ਵਸਤਾਂ ਨਾਲ ਸਬੰਧਤ ਖਤਰਿਆਂ ਤੇ ਇੱਕ ਰਿਪੋਰਟ ਤਿਆਰ ਕੀਤੀ। ਇਸ ਰਿਪੋਰਟ ਅਨੁਸਾਰ ਜੀਐਮ ਵਸਤਾਂ ਖੁਦ ਤਾਂ ਜ਼ਹਿਰ ਦੀ ਸ਼ਕਲ ਅਖਤਿਆਰ ਕਰ ਹੀ ਸਕਦੀਆਂ ਹਨ,ਨਾਲ ਹੀ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਨੂੰ ਪੈਦਾ ਕਰਨ ਦਾ ਕਾਰਨ ਵੀ ਬਣ ਸਕਦੀਆਂ ਹਨ। ਇਸ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ ਅਗਰ ਇਨ੍ਹਾਂ ਦੇ ਜੀਨ ਸਰੀਰ ਦੇ ਸੈਲਾਂ ਜਾਂ ਅੰਤੜੀਆਂ ਵਿੱਚ ਰਹਿਣ ਵਾਲੇ ਸੂਖਮ ਜੀਵਾਂ ਨਾਲ ਮਿਲ ਜਾਣ ਤਾਂ ਆਉਣ ਵਾਲੀ ਪੀੜ੍ਹੀਆਂ ਵਿੱਚ ਅਧਰੰਗ ਦਾ ਖਤਰਾ ਬਣ ਸਕਦਾ ਹੈ ਅਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਸਕਦੀ ਹੈ। ਜੀਐਮ ਵਸਤਾਂ ਦੀ ਬਰਾਮਦ ਕਰਨ ਵਾਲੀਆਂ ਜ਼ਿਆਦਾਤਰ ਕੰਪਨੀਆਂ ਅਮਰੀਕੀ ਹਨ। ਭਾਰਤੀ ਕੰਪਨੀਆਂ ਦੀ ਉਹਨਾਂ ਨਾਲ ਸਾਂਝੇਦਾਰੀ ਹੈ।

ਭਾਰਤ ਵਿੱਚ ਸਰ੍ਹੋਂ ਦੀ ਪਹਿਲੀ ਜੀਐਮ ਫ਼ਸਲ ਦੀ ਕਿਸਮ ਡੀਐਮਏਚ-111 ਬਾਜ਼ਾਰ ਵਿੱਚ ਉਤਾਰੀ ਗਈ ਹੈ।ਇਸ ਨੂੰ ਦਿੱਲੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤਾ ਗਿਆ ਹੈ ਅਤੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਸਰੋਂ ਦਾ ਭਾਰੀ ਉਤਪਾਦਨ ਹੋਵੇਗਾ।ਨੀਤੀ ਅਯੋਗ ਨੇ ਜੀ ਐਮ ਬੀਜਾਂ ਦੀ ਪੈਰਵੀ ਕਰਦਿਆਂ ਹੋਇਆਂ ਆਪਣੀ ਤਿੰਨ ਸਾਲਾਂ (2017 ਤੋਂ 2020) ਦੀ ਕਾਰਜ ਯੋਜਨਾ ਵਿੱਚ ਕਿਹਾ ਹੈ ਕਿ ਪਿਛਲੇ ਵੀਹ ਸਾਲਾਂ ਵਿੱਚ ਇਹ ਇੱਕ ਨਵੀਂ ਸ਼ਕਤੀਸ਼ਾਲੀ ਤਕਨੀਕ ਦੇ ਰੂਪ ਚ ਉਭਰੀ ਹੈ ਅਤੇ ਇਸ ਨੇ ਖੇਤੀ ਵਿੱਚ ਉੱਚ ਉਤਪਾਦਿਕਤਾ,ਬਿਹਤਰ ਗੁਣਵਤਾ, ਘਟ ਪਾਣੀ, ਖਾਦਾਂ ਤੇ ਕੀਟਨਾਸ਼ਕ ਦੀ ਘੱਟ ਵਰਤੋਂ ਦਾ ਮਾਰਗ-ਦਰਸ਼ਨ ਕੀਤਾ ਹੈ।ਜੀਈਐਮਸੀ ਨੇ ਜੀਐਮ ਸਰੋਂ ਨੂੰ ਖੇਤੀ ਅਤੇ ਇਨਸਾਨ ਲਈ ਸੁਰੱਖਿਅਤ ਵੀ ਦੱਸਿਆ ਹੈ।ਪਰ ਸਰਕਾਰ ਦੇ ਇਨ੍ਹਾਂ ਦਾਅਵੇ ਦੇ ਬਾਵਜੂਦ ਉਨ੍ਹਾਂ ਦੇ ਇਸ ਫੈਸਲੇ ਦਾ ਖੇਤੀ ਵਿਗਿਆਨੀ, ਕਿਸਾਨ ਜਥੇਬੰਦੀਆਂ, ਵਪਾਰੀ, ਗਾਹਕ, ਅਦਾਲਤ, ਸੰਸਦੀ ਖੇਤੀ ਸੰਮਤੀ ਅਤੇ ਇਥੋਂ ਤਕ ਕਿ ਕਈ ਸੂਬਿਆ ਦੀਆਂ ਸਰਕਾਰਾਂ ਇਸ ਦਾ ਵਿਰੋਧ ਕਰ ਰਹੀਆਂ ਹਨ ਜੀ ਐਮ ਬੀਜਾਂ ਦੇ ਵਿਰੋਧੀ ਦੇ ਕਈ ਕਾਰਨ ਹਨ। ਜੀਐਮ ਬੀਜ ਨੂੰ ਪਰਿਵਰਤਿਤ ਬੀਜ ਵੀ ਕਹਿੰਦੇ ਹਨ। ਜੀਐਮ ਇਹੋ ਜਿਹੇ ਬੀਜ ਹਨ ਜਿਨ੍ਹਾਂ ਵਿੱਚ ਦੋ ਵੱਖ ਵੱਖ ਜੀਵਾਂ ਦੇ ਅੰਸ਼ਾਂ ਨੂੰ ਮਿਲਾ ਕੇ ਇੱਕ ਨਵੇਂ ਜੀਵ ਦਾ ਨਿਰਮਾਣ ਕੀਤਾ ਜਾਂਦਾ ਹੈ ਜਿਵੇਂ ਬੀਟੀ ਕਪਾਹ,ਬੀਟੀ ਬੈਂਗਣ ਤੇ ਬੀਟੀ ਝੋਨੇ ਵਿੱਚ ਬੀਟੀ ਬੈਕਟੀਰੀਆ ਦਾ ਅੰਸ਼ ਛੁਪਾ ਦਿੱਤਾ ਜਾਂਦਾ ਹੈ। ਇਹ ਜੀਐਮ ਤਕਨੀਕ ਜੀਵਤ ਪ੍ਰਾਣੀਆਂ ਨੂੰ ਪੈਦਾ ਕਰਨ ਦਾ ਗੈਰ ਕੁਦਰਤੀ ਤਰੀਕਾ ਹੈ। ਇਸ ਤਰੀਕੇ ਨਾਲ ਤਿਆਰ ਪੌਦੇ ਦੂਸਰੀਆਂ ਪ੍ਰਜਾਤੀਆਂ,ਮਿੱਟੀ ਤੇ ਪੂਰੇ ਵਾਤਾਵਰਨ 'ਤੇ ਕਿੰਨਾ ਖਰਾਬ ਅਸਰ ਪਾਉਣਗੇ ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਡੀਡੀਟੀ ਜਾਂ ਫੈਕਟਰੀਆਂ ਦੁਆਰਾ ਤਿਆਰ ਕੀਤੇ ਰਸਾਇਣਾ ਦਾ ਉਤਪਾਦਨ ਤਾਂ ਰੋਕਿਆ ਜਾ ਸਕਦਾ ਹੈ ਪਰ ਜੀ-ਐਮ ਬੀਜ ਜੇ ਇੱਕ ਵਾਰੀ ਹਵਾ 'ਚ, ਖੇਤਾਂ 'ਚ ਚਲਾ ਜਾਵੇ ਤਾਂ ਉਸ ਨੂੰ ਕਦੀ ਵੀ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ। ਜੀਐਮ ਬੀਜਾਂ ਦੀ ਵਜ੍ਹਾ ਕਰਕੇ ਸਾਡੇ ਦੇਸ਼ ਦੇ 2500 ਦੇਸੀ ਬੀਜਾਂ ਦੇ ਖ਼ਤਮ ਹੋਣ ਦਾ ਵੀ ਖਤਰਾ ਹੈ।

ਅਸਲ ਵਿੱਚ ਇਹ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਦੇਸੀ ਬੀਜਾਂ ਨਾਲ ਪੈਦਾਵਾਰ ਘੱਟ ਹੁੰਦੀ ਹੈ ਅਤੇ ਜੀਐਮ ਫ਼ਸਲਾਂ ਨਾਲ ਖੇਤੀ ਦੀ ਉਤਪਾਦਿਕਤਾ ਵਧਾਈ ਜਾ ਸਕਦੀ ਹੈ,ਜਦ ਕਿ ਸਚਾਈ ਇਸ ਤੋਂ ਬਿਲਕੁੱਲ ਉਲਟ ਹੈ। ਦੇਸ਼ ਵਿੱਚ 1951-52 ਵਿੱਚ ਸਿਰਫ 5.2 ਕਰੋੜ ਟਨ ਅਨਾਜ ਦੀ ਪੈਦਾਵਾਰ ਹੁੰਦੀ ਸੀ, ਜਦ ਕਿ ਅੱਜ ਬਿਨਾਂ ਜੀਐਮ ਤਕਨੀਕ ਦੇ 27 ਕਰੋੜ ਟਨ ਅਨਾਜ ਪੈਦਾ ਹੋ ਰਿਹਾ ਹੈ। ਸਾਡੇ ਰਵਾਇਤੀ ਦੇਸੀ ਬੀਜਾਂ ਦੇ ਮੁਕਾਬਲਤਨ ਸਰੋਂ ਦੇ ਬੀਜਾਂ ਕਰਕੇ ਭਾਰੀ ਪੈਦਾਵਾਰ ਦੀ ਹਕੀਕਤ ਹੈ ਕਿ ਹੁਣ ਖੁਦ ਸਰਕਾਰੀ ਕਮੇਟੀਆਂ ਹੀ ਜੀਐਮ ਸਰੋਂ ਦੇ ਵੱਧ ਪੈਦਾਵਾਰ ਦੇ ਸਰਕਾਰ ਦੇ ਦਾਅਵੇ ਨੂੰ ਖਾਰਜ ਕਰ ਰਹੀਆਂ ਹਨ। ਕੇਂਦਰੀ ਸਰ੍ਹੋਂ ਡਾਇਰੈਕਟੋਰੇਟ ਨੇ ਲਿਖਤੀ ਰੂਪ ਚ ਮੰਨਿਆ ਹੈ ਕਿ ਉਸ ਨੇ ਜੀਐਮ ਫ਼ਸਲਾਂ ਤੇ ਖੋਜ ਨਹੀਂ ਕੀਤੀ ਹੈ। ਦੂਜੀ ਸੱਚਾਈ ਇਹ ਹੈ ਕਿ ਇਸ ਬੀਜ ਵਿੱਚ ਪ੍ਰਯੁਕਤ ਜੀਨ ਦਾ ਬੋਧਿਕ ਸੰਪਦਾ ਅਧਿਕਾਰ ਜਰਮਨੀ ਦੀ ਬਹੁ ਕੌਮੀ ਕੰਪਨੀ ਬੇਅਰ ਦੇ ਪਾਸੇ ਹੈ, ਜੋ ਸਾਡੇ ਦੇਸ਼ ਵਿੱਚ ਨਦੀਨ-ਨਾਸ਼ਕ ਦੀ ਸਭ ਤੋਂ ਵੱਡੀ ਵਿਕਰੇਤਾ ਕੰਪਨੀ ਹੈ। ਇਸ ਵਿੱਚ ਭਾਰਤ ਦਾ ਸਿਰਫ਼ ਪੈਸਾ ਲੱਗਿਆ ਹੈ ਤੇ ਦਿੱਲੀ ਯੂਨੀਵਰਸਿਟੀ ਸਿਰਫ਼ ਆਵੇਦਕ ਹੈ। ਫਿਰ ਵੀ ਜੇ ਅਸੀਂ ਦਿੱਲੀ ਯੂਨੀਵਰਸਿਟੀ ਦੀ ਰੀਪੋਟ ਨੂੰ ਇੱਕ ਆਜ਼ਾਦ ਖੋਜ ਮੰਨ ਵੀ ਲਈਏ ਤਾਂ ਵੀ ਜੀਐਮ ਸਰ੍ਹੋਂ ਦੀ ਪੈਦਾਵਾਰ ਦੇਸੀ ਸਰੋਂ ਤੇ ਜ਼ਿਆਦਾ ਨਹੀਂ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਛੱਬੀ



ਫੀਸਦੀ ਵੱਧ ਪੈਦਾਵਾਰ ਵਾਲੇ ਅੰਕੜਿਆਂ ਵਿੱਚ ਜੀਐਮ ਸਰ੍ਹੋਂ ਦੀ ਤੁਲਨਾ ਦੇਸੀ ਸਰੋਂ ਦੇ ਉਸ ਬੀਜ ਨਾਲ ਕੀਤੀ ਗਈ ਹੈ ਜੋ ਅਸਲ ਚ ਸਭ ਤੋਂ ਖਰਾਬ ਕਿਸਮ ਆਰ ਐਚ-749 ਹੈ, ਜਿਸ ਦੀ ਪੈਦਾਵਾਰ ਪ੍ਰਤੀ ਏਕੜ 2600-2800 ਕਿੱਲੋ ਗ੍ਰਾਮ ਹੈ। ਇਸ ਦੇ ਮੁਕਾਬਲਤਨ ਜੀਐਮ ਸਰੋਂ-111 ਦਾ ਪ੍ਰਤੀ ਹੈਕਟੇਅਰ ਵਿੱਚ ਕੁੱਲ 2625 ਕਿਲੋਗ੍ਰਾਮ ਉਤਪਾਦਨ ਦਾ ਦਾਵਾ ਕੀਤਾ ਜਾ ਰਿਹਾ ਹੈ ਜੋ ਅੱਛੇ ਦੇਸੀ ਬੀਜ ਡੀਐਮਐਚ ਦੀ ਉਤਪਾਦਕਤਾ ਤੋਂ 11.3 ਫੀ ਸਦੀ ਘੱਟ ਹੈ ਅਤੇ ਡੀਐਮਐਚ-3 ਦੀ ਉਤਪਾਦਕਤਾ ਤੋਂ 3.54 ਫੀਸਦੀ ਘੱਟ ਹੈ। ਕੀ ਇਸ ਨੂੰ ਹੀ ਭਾਰੀ ਉਤਪਾਦਨ ਕਿਹਾ ਜਾਵੇਗਾ? ਜਦ ਕਿ ਇਸ ਦੇ ਖੋਜ ਦੇ ਵਪਾਰੀਕਰਨ ਵਿੱਚ ਸਰਕਾਰ ਵੀ ਵੀਹ ਸਾਲ ਬਰਬਾਦ ਕਰ ਚੁੱਕੀ ਹੈ ਅਤੇ ਕਰੋੜਾਂ ਰੁਪਏ ਖਰਚ ਕਰ ਚੁੱਕੀ ਹੈ, ਇਸ ਦੇ ਬਾਵਜੂਦ ਕੋਈ ਵੀ ਜੀਐਮ ਬੀਜ ਐਸਾ ਨਹੀਂ ਜਿਸ ਨਾਲ ਪੈਦਾਵਾਰ ਵੱਧ ਹੋਵੇ, ਸੋਕਾ ਝੱਲ ਸਕਦੇ ਹੋਵੇ, ਮਿੱਟੀ ਦੀ ਗੁਣਵੱਤਾ ਵਧਾ ਸਕਦਾ ਹੋਵੇ ਜਾਂ ਉਸ ਨੂੰ ਸਥਿਰ ਰੱਖ ਸਕਦਾ ਹੋਵੇ। 1986 ਵਿੱਚ ਦੇਸ਼ ਅੰਦਰ ਰਵਾਇਤੀ ਬੀਜਾਂ ਨਾਲ ਪੀਲੀ (ਸਰ੍ਹੋਂ) ਕ੍ਰਾਂਤੀ ਹੋਈ ਸੀ ਜਿਸ ਰਾਹੀਂ ਦਸ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਸਾਡਾ ਦੇਸ਼ ਆਪਣੀ ਖੁਰਾਕੀ ਜ਼ਰੂਰਤਾਂ 97 ਫ਼ੀਸਦੀ ਖੁਦ ਪੈਦਾ ਕਰਕੇ ਲਗਭਗ ਆਤਮ-ਨਿਰਭਰ ਹੋ ਚੁੱਕਿਆ ਸੀ। ਅਸੀਂ ਸਿਰਫ 3 ਫੀਸਦੀ ਹੀ ਵਿਦੇਸ਼ਾਂ ਤੋਂ ਮੰਗਵਾਉਂਦੇ ਸਾਂ ਪਰ ਅੱਜ ਸਾਨੂੰ ਆਪਣੇ ਖੁਰਾਕੀ ਤੇਲ ਦਾ 65 ਫੀਸਦੀ ਦਰਾਮਦ ਕਰਨਾ ਪੈਂਦਾ ਹੈ ਜਿਸ ਤੇ 66 ਹਜ਼ਾਰ ਕਰੋੜ ਰੁਪਏ ਦਾ ਸਾਲਾਨਾ ਖਰਚ ਹੁੰਦਾ ਹੈ। ਕਾਰਨ ਇਹ ਹੈ ਕਿ ਸਾਰੇ ਦੇਸ਼ ਦੇ ਰਹਿਨੁਮਾਵਾ ਨੇ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਅੱਗੇ ਗੋਡੇ ਟੇਕ ਦਿੱਤੇ ਅਤੇ ਪੀਲੀ ਸਰ੍ਹੋਂ ਕ੍ਰਾਂਤੀ ਦਾ ਗਲਾ ਘੋਟ ਦਿੱਤਾ। ਮਹਿੰਗੇ ਬੀਜ,ਜ਼ਿਆਦਾ ਲਾਗਤ ਅਤੇ ਘੱਟ ਪੈਦਾਵਾਰ ਵਾਲੀਆਂ ਫਸਲਾਂ ਨੂੰ ਜਿਸ ਤਰ੍ਹਾਂ ਨਾਲ ਸਰਕਾਰ ਹੱਲਾਸ਼ੇਰੀ ਦੇ ਰਹੀ ਹੈ ਉਸ ਤੋਂ ਸਪੱਸ਼ਟ ਹੈ ਕਿ ਇਹ ਖੁਰਾਕੀ ਪਦਾਰਥਾਂ ਦੇ ਮਾਮਲੇ ਵਿੱਚ ਸਾਨੂੰ ਵਿਦੇਸ਼ਾਂ ਤੇ ਨਿਰਭਰ ਬਣਾਉਣਾ ਚਾਹੁੰਦੀ ਹੈ। ਦੁਨੀਆਂ ਭਰ ਦੇ ਮਾਹਰਾਂ ਨੇ ਦਸਿਆ ਹੈ ਕਿ ਜੀਐਮ ਖੁਰਾਕੀ ਪਦਾਰਥ ਸਿਹਤ ਲਈ ਬਹੁਤ ਜ਼ਿਆਦਾ ਹਾਨੀਕਾਰਕ ਹਨ। ਸੁਪਰੀਮ ਕੋਰਟ ਵੱਲੋਂ ਗਠਿਤ ਤਕਨੀਕੀ ਮਾਹਿਰਾਂ ਦੀ ਕਮੇਟੀ ਨੇ ਵੀ ਇਹ ਜੀਐਮ ਬੀਜਾਂ ਦੇ ਖਤਰੇ ਬਾਰੇ ਸਾਨੂੰ ਸੁਚੇਤ ਕੀਤਾ ਸੀ। ਖੇਤੀ ਸਬੰਧੀ ਸੰਸਦੀ ਸੰਮਤੀ ਨੇ ਕਿਸੇ ਵੀ ਪ੍ਰਜਾਤੀ ਦੇ ਜੀਐਮ ਬੀਜਾਂ ਦਾ ਖੇਤੀ ਵਿੱਚ ਇਸਤੇਮਾਲ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਸੀ, ਇੱਥੋਂ ਤੱਕ ਕਿ ਇਹ ਖੁੱਲ੍ਹੀ ਹਵਾ ਵਿੱਚ ਉਸ ਨੂੰ ਰੱਖਣ ਦੇ ਵੀ ਖਿਲਾਫ ਸੀ। ਕਈ ਵਿਗਿਆਨਕਾਂ ਅਤੇ ਸੰਮਤੀਆਂ ਨੇ ਤੱਥ ਦੇ ਕੇ ਦਸਿਆ ਹੈ ਕਿ ਇਸ ਤਰ੍ਹਾਂ ਦੇ ਬੀਜਾਂ ਨਾਲ ਸਿਹਤ ਅਤੇ ਵਾਤਾਵਰਣ ਤੇ ਬਹੁਤ ਖਤਰਨਾਕ ਅਸਰ ਪੈਂਦਾ ਹੈ।

ਜੀਐਮ ਫ਼ਸਲਾਂ ਦੇ ਲਈ ਨਦੀਨ ਨਾਸ਼ਕ ਦੀ ਵਰਤੋਂ ਹੁੰਦੀ ਹੈ ਜੋ ਬੇਹੱਦ ਖਤਰਨਾਕ ਹੈ। ਵਿਸ਼ਵ ਸਿਹਤ ਸੰਗਠਨ ਦੀ ਕੈਂਸਰ ਸ਼ਾਖਾ ਨੇ ਆਪਣੀ ਰਿਪੋਟ ਵਿੱਚ ਕਿਹਾ ਹੈ ਕਿ "ਜੀਐਮ ਫ਼ਸਲਾਂ ਦੇ ਹੇਠਾਂ ਉਗਣ ਵਾਲੇ ਨਦੀਨਾਂ ਨੂੰ ਖ਼ਤਮ ਕਰਨ ਵਾਲੇ ਨਦੀਨਨਾਸ਼ਕਾ ਵਿੱਚ ਗਲਾਈਫੋਸੇਟ ਹੁੰਦਾ ਹੈ ਜੋ ਕਿ ਕੈਂਸਰ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਜੀਐਮ ਸਰੋਂ ਵਿੱਚ ਐਂਸਟੀ ਟਾਲਰੈਂਸ ਨਾਮਕ ਜੀਨ ਵੀ ਹੈ, ਜਿਸ ਦੇ ਅਸਰ ਵਿੱਚ ਆਉਣ ਨਾਲ ਦੂਜੀਆਂ ਸਾਰੀਆਂ ਫ਼ਸਲਾਂ ਦੇ ਬੀਜਾਂ ਵਿੱਚ ਵਿਗਾੜ ਆ ਜਾਵੇਗਾ।"

ਇਹ ਵੀ ਪਤਾ ਲੱਗਿਆ ਹੈ ਕਿ ਜੀ ਐਮ ਫੈਸਲਾ ਆਪਣੇ ਆਸ ਪਾਸ ਦੇ ਖੇਤਾਂ ਦੀਆਂ ਫਸਲਾਂ ਨੂੰ ਨਸ਼ਟ ਕਰਨ ਦੀ ਵੀ ਸਮਰੱਥਾ ਰੱਖਦੀਆਂ ਹਨ। 2007 ਤੋਂ ਪਹਿਲਾਂ ਹਰਿਆਣਾ, ਉੱਤਰ ਪ੍ਰਦੇਸ਼ ਤੇ ਤਾਮਿਲਨਾਡੂ ਨਾਡੂ ਵਿੱਚ ਕਿਸਾਨਾਂ ਨੇ ਤਜਰਬੇ ਵਾਲੀ ਫਸਲ ਬੀਟੀ ਚਾਵਲ ਨੂੰ ਪੁੱਟ ਕੇ ਸੁੱਟ ਦਿੱਤਾ ਸੀ ਕਿਉਂਕਿ ਮਹਿਕੋ ਕੰਪਨੀ ਨੇ ਇਹਨਾਂ ਕਿਸਾਨਾਂ ਨੂੰ ਹਨੇਰੇ ਵਿੱਚ ਰੱਖ ਕੇ ਜੀਨ ਤਕਨੀਕ ਨਾਲ ਤਿਆਰ ਬੀਜ ਤਜਰਬੇ ਲਈ ਲਵਾਏ ਸਨ। ਇਨ੍ਹਾਂ ਕਾਰਨ ਆਸ ਪਾਸ ਦੀਆਂ ਹੋਰ ਫਸਲਾਂ ਤੇ ਬੁਰਾ ਅਸਰ ਪੈ ਰਿਹਾ ਸੀ। ਇਸ ਤਰਾਂ ਇੰਡੋਨੇਸ਼ੀਆ ਅਤੇ ਮੈਕਸੀਕੋ ਵਿੱਚ ਵੀ ਜੀਐਮ ਬੀਜਾਂ ਦੇ ਬੁਰੇ ਪ੍ਰਭਾਵ ਦੇ ਚੱਲਦਿਆਂ ਵੱਡੇ ਪੱਧਰ ਤੇ ਕਈ ਦੇਸੀ ਪ੍ਰਜਾਤੀਆਂ ਪੂਰੀ ਤਰ੍ਹਾਂ ਨਸ਼ਟ ਹੋ ਗਈਆਂ। ਅੱਜ ਸਾਡੇ ਦੇਸ਼ ਵਿੱਚ 150 ਜੀ ਐਮ ਫਸਲਾਂ ਤੇ ਤਜਰਬੇ ਚੱਲ ਰਹੇ ਹਨ, ਇਨ੍ਹਾਂ ਵਿੱਚ ਸਰ੍ਹੋਂ, ਚੌਲ, ਕਣਕ, ਅਦਰਕ,ਮੱਕੀ,ਗੰਨਾ,ਪਿਆਜ, ਸੋਆਬੀਨ, ਪਪੀਤਾ, ਤੁਲਸੀ, ਕੇਲਾ, ਸੰਤਰਾ, ਤੰਬਾਕੂ, ਦਾਲਾਂ, ਬੈਂਗਣ ਆਦਿ ਫ਼ਸਲਾਂ ਸ਼ਾਮਿਲ ਹਨ।

ਜੀ ਐਮ ਬੀਜ ਜਿਸ ਤਰ੍ਹਾਂ ਦੂਜੀਆਂ ਫ਼ਸਲਾਂ ਤੇ ਵਾਤਾਵਰਨ ਲਈ ਹਾਨੀਕਾਰਕ ਹਨ ਉਸੇ ਤਰ੍ਹਾਂ ਖੇਤ ਵਿੱਚ ਕੰਮ ਕਰਨ ਵਾਲੇ ਕਿਸਾਨਾਂ, ਮਜ਼ਦੂਰਾਂ ਅਤੇ ਪਸ਼ੂਆਂ ਦੀ ਸਿਹਤ ਲਈ ਵੀ ਬੇਹੱਦ ਨੁਕਸਾਨਦੇਹ ਹਨ। 19 ਜੁਲਾਈ ਤੋਂ 6 ਅਕਤੂਬਰ 2017 ਤੱਕ ਮਹਾਰਾਸ਼ਟਰ ਦੇ ਕਈ ਜ਼ਿਲ੍ਹਿਆਂ ਵਿੱਚ ਬੀਟੀ ਕਪਾਹ ਵਿੱਚ ਕੀਟਨਾਸ਼ਕਾ ਦੇ ਛੜਕਾ ਨਾਲ ਡਾਇਰੀਆ, ਉਲਟੀ, ਸਰਦੀ, ਪੇਟ ਦਰਦ ਤੇ ਅੱਖਾਂ ਤੋਂ ਘੱਟ ਦਿਸਣ ਵਾਲੀਆਂ ਪਰੇਸ਼ਾਨੀਆਂ ਸਾਹਮਣੇ ਆਈਆਂ। ਇਸ ਨਾਲ ਪੰਜ ਕਿਸਾਨਾਂ ਦੀ ਮੌਤ ਹੋ ਗਈ ਅਤੇ ਅੱਠ ਸੌ ਕਿਸਾਨਾਂ ਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ। ਇਹ ਪਹਿਲੀ ਅਤੇ ਆਖਰੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਮਾਰਚ 2002 ਵਿੱਚ ਜਦ ਸਰਕਾਰ ਨੇ ਪਹਿਲੀ ਵਾਰ ਬੀਟੀ ਕਪਾਹ ਦੀ ਵਪਾਰਕ ਤੌਰ ਤੇ ਵਿਕਰੀ ਦੀ ਇਜਾਜ਼ਤ ਦਿੱਤੀ ਸੀ ਉਦੋਂ ਵੀ ਖੇਤ ਦੇ ਕਪਾਹ ਚੁਗਣ ਵਾਲੀਆਂ ਔਰਤਾਂ, ਬੈਲ-ਗੱਡੀਆਂ ਅਤੇ ਟਰੈਕਟਰਾਂ ਵਿੱਚ ਕਪਾਹ ਭਰਨ ਵਾਲੇ ਮਜ਼ਦੂਰਾਂ ਤੇ ਕਪਾਹ ਦੀ ਪੰਜਾਈ ਕਰਨ ਵਾਲੇ ਮਿੱਲ ਮਜ਼ਦੂਰਾਂ ਦੇ ਸ਼ਰੀਰ ਤੇ ਸੋਜ,ਸ਼ਰੀਰ ਵਿਚ ਖੁਜਲੀ, ਲਾਲ ਅੱਖਾਂ ਤੇ ਸ਼ਰੀਰ ਤੇ ਫੋੜੇ ਬਣਨੇ, ਕਪਾਹ ਦੇ ਪੱਤੇ ਖਾਣ ਵਾਲੇ ਪਸ਼ੂਆਂ ਦੀ ਮੌਤ ਵਰਗੀਆਂ ਪਰੇਸ਼ਾਨੀਆਂ ਸਾਹਮਣੇ ਆਈਆਂ। ਇਸ ਦੇ ਬਾਵਜੂਦ ਸਾਡੀਆਂ ਸਰਕਾਰਾਂ ਇਸ ਤੇ ਸੋਚਣ ਦੀ ਬਜਾਏ ਬਹੁ ਕੌਮੀ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਉਣ ਵਿੱਚ ਲੱਗੀਆਂ ਹੋਈਆਂ ਹਨ।

ਸਰਕਾਰ ਦੱਸਦੀ ਹੈ ਕਿ ਜੀਐਮ ਫ਼ਸਲਾਂ ਤੇ ਕੀੜੇ ਨਹੀਂ ਲੱਗਣਗੇ,ਨਦੀਨ ਨਹੀਂ ਉਗਣਗੇ, ਕੀਟਨਾਸ਼ਕ ਦਵਾਈਆਂ ਦੀ ਲੋੜ ਨਹੀਂ ਪੈਣੀ ਜਦਕਿ ਸੱਚਾਈ ਕੁਝ ਹੋਰ ਹੈ।ਇੱਕ ਖੋਜ ਅਨੁਸਾਰ 1996 ਤੋਂ 2011 ਵਿਚਕਾਰ ਅਮਰੀਕਾ ਦੇ ਖੇਤਾਂ ਚ ਹਰ ਸਾਲ ਔਸਤਨ 1890 ਲੱਖ ਲੀਟਰ ਕੀਟਨਾਸ਼ਕ ਦੀ ਵਰਤੋਂ ਹੋਈ। ਉੱਥੇ 2012 ਵਿੱਚ ਜੀਐਮ ਖੇਤੀ ਕਰਨ ਵਾਲਿਆਂ ਨੇ ਰਵਾਇਤੀ ਖੇਤੀ ਦੀ ਤੁਲਨਾ ਵਿੱਚ 29 ਫੀਸਦੀ ਵੱਧ ਕੀਟਨਾਸ਼ਕਾਂ ਦੀ ਵਰਤੋਂ ਕੀਤੀ। ਚੀਨ ਵਿੱਚ ਕੀੜੇ ਮਾਰਨ ਲਈ ਪਹਿਲਾਂ ਦੇ ਮੁਕਾਬਲੇ 20 ਗੁਣਾ ਜ਼ਿਆਦਾ ਕੀਟਨਾਸ਼ਕ ਵਰਤਿਆ ਜਾਣ ਲੱਗਿਆ ਹੈ। ਬ੍ਰਾਜ਼ੀਲ ਵਿੱਚ ਕੀਟਨਾਸ਼ਕਾਂ ਦੀ ਵਰਤੋਂ 190 ਫੀਸਦੀ ਵੱਧ ਗਈ ਹੈ।ਦੋ ਦਹਾਕੇ ਪਹਿਲਾਂ ਅਰਜਨਟਾਇਨਾ ਵਿੱਚ ਸਲਾਨਾ 240 ਲੱਖ ਲੀਟਰ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਹੁੰਦੀ ਸੀ ਜੋ ਜੀਐਮ ਸੋਆਬੀਨ ਦੇ ਕਾਰਨ ਵੱਧ ਕੇ 3170 ਲੱਖ ਲਿਟਰ ਹੋ ਗਈ। ਭਾਰਤ ਦੇ ਕੇਂਦਰੀ ਕਪਾਹ ਅਨੁਸੰਧਾਨ ਸੰਸਥਾਨ (ਸੀ ਆਈ ਸੀ ਆਰ) ਅਨੁਸਾਰ 2005 ਵਿੱਚ ਕਪਾਹ ਵਿੱਚ 649 ਕਰੋੜ ਰੁਪਏ ਦਾ ਕੀਟਨਾਸ਼ਕ ਇਸਤੇਮਾਲ ਹੁੰਦਾ ਸੀ ਜੋ ਸਾਲ 2010 ਵਿੱਚ ਵੱਧ ਕੇ 880.40 ਕਰੋੜ ਰੁਪਏ ਹੋ ਗਿਆ। ਇਹ ਉਦੋਂ ਹੋਇਆ ਜਦੋਂ ਨੱਬੇ ਫ਼ੀਸਦੀ ਬੀਟੀ ਕਪਾਹ ਦੀ ਖੇਤੀ ਹੋਣ ਲੱਗੀ ਸੀ।

ਇੱਕ ਹੋਰ ਅਧਿਐਨ ਅਨੁਸਾਰ ਜੀਐਮ ਫ਼ਸਲਾਂ ਦੇ ਨਾਲ ਅਜਿਹੇ ਨਦੀਨ ਵੀ ਤੇਜ਼ੀ ਨਾਲ ਉੱਭਰ ਰਹੇ ਹਨ ਜਿਨ੍ਹਾਂ ਨੂੰ ਨਸ਼ਟ ਕਰਨਾ ਬਹੁਤ ਹੀ ਮੁਸ਼ਕਿਲ ਹੈ, ਇਨ੍ਹਾਂ ਨੂੰ ਸੁਪਰ ਵੀਡਸ ਕਿਹਾ ਜਾਂਦਾ ਹੈ। ਅਮਰੀਕਾ ਚ ਲਗਭਗ 10.5 ਕਰੋੜ ਏਕੜ ਭੋਇੰ ਅਤੇ ਕੈਨੇਡਾ ਚ 10 ਲੱਖ ਏਕੜ ਭੋਇੰ ਵਿੱਚ ਇਹ ਸੁਪਰ ਵੀਡਸ(ਨਦੀਨ ਫੈਲ ਚੁੱਕੇ ਹਨ। ਇੱਕ ਫ਼ਸਲ ਦੇ ਵਰਤੋਂ ਵਿੱਚ ਹੋਣ ਪਿੱਛੋਂ 21 ਵੀਡਸ(ਨਦੀਨ ਨੇ ਪ੍ਰਤੀਰੋਧਕ ਸਮਰੱਥਾ ਹਾਸਲ ਕਰ ਲਈ ਹੈ। ਕੀਟਾਂ ਦੇ ਮਾਮਲਿਆਂ ਵਿੱਚ ਵੀ ਇਹ ਸਥਿਤੀ ਹੈ। ਜੀਐਮ ਬੀਜਾਂ ਦੇ ਕਾਰੋਬਾਰ ਵਿੱਚ ਲੱਗੀਆਂ ਸੈਂਕੜੇ ਬਹੁ ਕੌਮੀ ਕੰਪਨੀਆਂ ਨੇ ਵੀਹ ਦੇਸ਼ਾ ਚ ਆਪਣਾ ਵਪਾਰ ਫੈਲਾ ਲਿਆ ਹੈ। ਇਨ੍ਹਾਂ ਵਿੱਚ ਮੌਨਸੈਂਟੋ ਕੰਪਨੀ ਦੀ ਜੀ ਐਮ ਸੋਆਬੀਨ ਤੇ ਕਪਾਹ ਦੀ ਫ਼ਸਲ ਨੇ ਜ਼ਰਜਰੀਆਂ ਦੀ ਜ਼ਮੀਨ ਨੂੰ ਬੰਜਰ ਬਣਾ ਦਿੱਤਾ ਹੈ।

ਇਸ ਤਰ੍ਹਾਂ ਅੱਜ ਭਾਰਤ ਵਿੱਚ ਵੀ ਘਾਤਕ ਕੀਟਨਾਸ਼ਕ ਦਵਾਈਆਂ ਦੇ ਛਿੜਕਾਅ ਦੇ ਬਾਵਜੂਦ ਬੋਲਰ ਨਾਮਕ ਕੀਟ ਤੇ ਕੋਈ ਅਸਰ ਨਹੀਂ ਹੋ ਰਿਹਾ ਹੈ, ਜਿਸ ਦੇ ਕਾਰਨ ਬੀਟੀ ਕਪਾਹ ਦੇ ਕਿਸਾਨ ਪ੍ਰੇਸ਼ਾਨ ਹਨ। ਕਿਸਾਨਾਂ ਕੋਲ ਕਪਾਹ ਦਾ ਦੂਜਾ ਬਦਲ ਬੀਜ ਵੀ ਨਹੀਂ ਹੈ, ਸਿਵਾਏ ਬੀ ਟੀ ਕਪਾਹ ਦੇ। ਇਹ ਬਹੁ-ਕੌਮੀ ਕੰਪਨੀਆਂ ਇਹ ਚਾਹੁੰਦੀਆਂ ਹਨ ਕਿ ਕਿਸਾਨਾਂ ਦੇ ਪਾਸ ਕੋਈ ਦੂਜਾ ਬਦਲ ਰਹੇ ਹੀ ਨਾ। ਇਸ ਵਿਕਲਪ-ਹੀਣਤਾ ਦੇ ਚੱਲਦਿਆਂ ਪੰਜਾਬ, ਮਹਾਰਾਸ਼ਟਰ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਕਪਾਹ ਉਤਪਾਦਕ ਕਿਸਾਨ ਮਹਿੰਗੀ ਲਾਗਤ ਦੇ ਬਾਵਜੂਦ ਘੱਟ ਪੈਦਾਵਾਰ ਅਤੇ ਫਸਲ ਦਾ ਸਹੀ ਭਾਅ ਨਾ ਮਿਲਣ ਕਰਕੇ ਆਤਮ ਹੱਤਿਆ ਕਰਨ ਲਈ ਮਜਬੂਰ ਹਨ।

ਭਾਵੇਂ ਕਿ ਸਾਡੇ ਦੇਸ਼ 'ਚ ਜੀਨ ਪਰਿਵਰਤਿਤ ਜਿਹੜੇ ਖੁਰਾਕੀ ਬੀਜਾਂ ਨੂੰ ਬਹੁਤ ਤਾਰੀਫ ਕਰਕੇ ਲਿਆਦਾ ਜਾ ਰਿਹਾ ਹੈ,ਉਨ੍ਹਾਂ ਦੀ ਦਰਾਮਦ ਤੇ ਬ੍ਰਿਟਿਸ਼ ਮੈਡੀਕਲ ਕਾਲਜ ਐਸੋਸੀਏਸ਼ਨ ਨੇ ਸੰਨ 1990 ਤੋਂ ਨੱਬੇ ਹੀ ਸੰਭਾਵਿਤ ਸਿਹਤ ਜ਼ੋਖਮ ਦੇ ਕਾਰਨ ਰੋਕ ਲਾ ਦਿੱਤੀ ਸੀ। ਇਹ ਜੀਐਮ ਅਨਾਜ ਅੱਜ ਯੂਰਪ ਵਿੱਚ ਵੀ ਪਾਬੰਦੀਸ਼ੁਦਾ ਹੈ।ਇਨ੍ਹਾਂ ਜੀਨ ਪਰਿਵਰਤਿਤ (ਜੀਐਮ) ਬੀਜਾਂ ਦਾ ਖੁਲਾਸਾ ਅਮਰੀਕੀ ਸੰਸਥਾ (ਆਈ ਏ ਐਸ ਟੀ ਡੀ)ਨੇ ਕੀਤਾ ਹੈ, ਜਿਸ ਚ ਭਾਰਤ ਸਥਿਤ ਹੋਰਨਾਂ ਵਿਦੇਸ਼ਾਂ ਦੇ ਚਾਰ ਸੌ ਵਿਗਿਆਨਕ ਖੇਤੀ ਤੇ ਖੋਜ ਤੇ ਨਿਗਰਾਨੀ ਕਰਦੇ ਹਨ। ਇਸ ਸੰਸਥਾ ਨੇ ਆਪਣੇ ਚਾਰ ਸਾਲ ਦੇ ਖੋਜ ਪਿੱਛੋਂ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਬੀਟੀ ਬੀਜਾਂ (ਜੀ ਐਮ) ਦਾ ਪੈਦਾਵਾਰ ਵਧਾਉਣ ਨਾਲ ਜਾਂ ਹੋਰ ਦੇਸੀ ਬੀਜਾਂ ਦੇ ਮੁਕਾਬਲੇ ਵੱਧ ਉਤਪਾਦਨ ਨਾਲ ਕੁਝ ਵੀ ਲੈਣਾ- ਦੇਣਾ ਨਹੀਂ ਹੈ।ਚੀਨ ਨੇ ਵੀ ਜੀ ਐਮ ਬੀਜਾਂ ਦੇ ਖਤਰੇ ਨੂੰ ਦੇਖਦੇ ਹੋਇਆ ਪਿੱਛੇ ਜਿਹੇ ਹੀ ਜੀਐਮ ਚਾਵਲ ਤੇ ਮੱਕੀ ਦੇ ਖੇਤਾਂ ਵਿੱਚ ਤਜਰਬੇ ਰੱਦ ਕਰ ਦਿੱਤੇ ਹਨ ਅਤੇ ਸੈਨਾ ਵਿੱਚ ਜੀ ਐਮ ਭੋਜਨ ਤੇ ਪਾਬੰਦੀ ਲਾ ਦਿੱਤੀ ਹੈ। ਨਾਲ ਹੀ ਅਮਰੀਕਾ ਤੋਂ ਆਏ ਜੀ ਐਮ ਮੱਕੀ ਦੇ ਨਾਜਾਇਜ਼ ਜਹਾਜ਼ ਨੂੰ ਵਾਪਸ ਮੋੜ ਦਿੱਤਾ। ਵਿਕੀਲਿਕਸ ਅਨੁਸਾਰ 2007 ਵਿੱਚ ਪੈਰਸ ਸਥਿਤ ਦੂਤਾਵਾਸ ਨੇ ਵਾਸ਼ਿੰਗਟਨ ਨੂੰ ਅਪੀਲ ਕੀਤੀ ਸੀ ਕਿ ਜੀਐਮ ਫ਼ਸਲਾਂ ਦਾ ਵਿਰੋਧ ਕਰਨ ਵਾਲੇ ਯੂਰਪੀ ਯੂਨੀਅਨ ਦੇ ਖਿਲਾਫ ਸਖਤੀ ਨਾਲ ਨਿਪਟਿਆ ਜਾਵੇ। ਇਸ ਪਿੱਛੋਂ 2008 ਵਿੱਚ ਅਮਰੀਕਾ ਅਤੇ ਸਪੇਨ ਨੇ ਯੂਰਪ ਦੇ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਵਧਾਉਣ ਦੀ ਸਾਜ਼ਿਸ਼ ਕੀਤੀ, ਯਾਨੀ ਇਹ ਕੰਪਨੀਆਂ ਆਪਣੇ ਮੁਨਾਫੇ ਲਈ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਡੇਗ ਵੀ ਸਕਦੀਆਂ ਹਨ ਅਤੇ ਫਿਰ ਵਧਾ ਸਕਦੀਆਂ ਹਨ। ਅੱਜ ਜੀਐਮ ਬੀਜਾਂ ਦੇ ਵਪਾਰ ਵਿੱਚ ਮੌਨਸੈਂਟੋ, ਮਹਿਕ ਗਰੁੱਪ, ਨਿੰਮਾਗ੍ਰੇਨ ਅਤੇ ਸਿੰਜੈਂਟਾ ਵਰਗੀਆਂ ਦਸ ਕੰਪਨੀਆਂ ਦਾ ਪੰਤਾਲੀ ਫੀਸਦੀ ਕਬਜ਼ਾ ਹੈ। ਇਨ੍ਹਾਂ ਦਸ ਕੰਪਨੀਆਂ ਦਾ ਦੁਨੀਆਂ ਦੇ ਕੁੱਲ ਬੀਜ ਵਪਾਰ ਦੇ 67 ਫੀਸਦੀ ਹਿੱਸੇ ਤੇ ਕੰਟਰੋਲ ਹੈ। ਇਹ ਕੰਪਨੀਆਂ ਕੀਟਨਾਸ਼ਕ ਦਵਾਈਆਂ ਵੀ ਵੇਚਦੀਆ ਹਨ। ਸੂਚਨਾ ਅਧਿਕਾਰ ਅਤੇ ਵਿਰੋਧ ਦੇ ਸਾਰੇ ਰਾਹ ਬੰਦ ਕੀਤੇ ਜਾ ਚੁੱਕੇ ਹਨ। ਭਾਰਤੀ ਜੇਵ ਸੰਵਰਧਨ ਪਰਾਧੀਕਰਨ ਬਿੱਲ (ਬੀ ਆਰ ਏ ਆਈ ) 2009 ਦੇ ਅਨੁਸਾਰ ਖੇਤੀ ਵਪਾਰ ਨਾਲ ਜੁੜੇ ਮੁੱਦੇ ਅਤੇ ਜੀ ਐਮ ਬੀਜਾਂ ਦਾ ਵਿਰੋਧ ਕਰਨਾ ਅਪਰਾਧ ਹੈ। ਜੇਕਰ ਵਿਅਕਤੀ ਬਿਨਾਂ ਵਿਗਿਆਨਕ ਤੱਥ ਸਬੂਤ ਅਤੇ ਵਿਗਿਆਨਕ ਦਸਤਾਵੇਜ਼ ਦੇ ਜੀਨ-ਪਰਿਵਰਤਤ ਇਨ੍ਹਾਂ ਬੀਜਾਂ ਦਾ ਵਿਰੋਧ ਕਰਦਾ ਹੈ ਜਾਂ ਲੋਕਾਂ ਵਿੱਚ ਪ੍ਰਚਾਰ ਕਰਦਾ ਹੈ ਤਾਂ ਉਸ ਨੂੰ ਘੱਟੋ-ਘੱਟ ਛੇ ਮਹੀਨੇ ਦੀ ਸਜ਼ਾ ਕੀਤੀ ਜਾ ਸਕਦੀ ਹੈ ਅਤੇ ਇਹ ਇੱਕ ਸਾਲ ਤੱਕ ਵਧਾਈ ਜਾ ਸਕਦੀ ਹੈ। ਨਾਲ ਹੀ ਦੋ ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ ਜਾਂ ਦੋਨੋਂ ਸਜ਼ਾਵਾਂ ਇੱਕਠੀਆ ਹੋ ਸਕਦੀਆਂ ਹਨ।ਇਸ ਬਿੱਲ ਵਿੱਚ "ਜਨਤਾ ਵਿੱਚ ਪ੍ਰਚਾਰ", "ਵਿਗਿਆਨਕ ਸਬੂਤ" ਅਤੇ "ਵਿਗਿਆਨਕ ਦਸਤਾਵੇਜ਼" ਦੇ ਅਰਥ ਸਪੱਸ਼ਟ ਨਹੀਂ ਕੀਤੇ ਗਏ ਹਨ।ਇਸ ਦੇ ਆਧਾਰ ਤੇ ਸਰਕਾਰ ਕਿਸੇ ਵੀ ਵਿਅਕਤੀ ਨੂੰ ਜੋ ਜੀਨ ਬੀਜਾਂ ਦਾ ਵਿਰੋਧ ਕਰੇਗਾ, ਉਸ ਨੂੰ ਅਪਰਾਧੀ ਘੋਸ਼ਿਤ ਕਰਕੇ ਜੇਲ੍ਹ ਵਿੱਚ ਪਾ ਸਕਦੀ ਹੈ। ਦੂਜੇ ਪਾਸੇ ਇਸ ਸਰਕਾਰ ਨੇ ਜੀਐਮ ਬੀਜਾਂ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਇਸ ਕਾਨੂੰਨ ਦੇ ਤਹਿਤ ਇਹ ਵਿਵਸਥਾ ਹੈ ਕਿ ਇਸ ਮੁੱਦੇ ਨਾਲ ਜੁੜੇ ਸਾਰੇ ਗੁਪਤ ਤੱਥਾਂ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਹੈ। ਅਤੇ ਨਾ ਹੀ ਸੂਚਨਾ ਅਧਿਕਾਰ ਦੇ ਤਹਿਤ ਇਸ ਦੀ ਜਾਣਕਾਰੀ ਅਸੀਂ ਇਕੱਠੀ ਕਰ ਸਕਦੇ ਹਾਂ।"ਜਾਣਕਾਰੀ ਸਾਨੂੰ ਮਿਲੇਗੀ ਨਹੀਂ ਤਾਂ ਤੱਥਾਂ ਅਤੇ ਵਿਗਿਆਨਕ ਦਸਤਾਵੇਜ ਇਕੱਠੇ ਕਿੱਥੋਂ ਕੀਤੇ ਜਾਣਗੇ? ਇਸ ਦਾ ਮਤਲਬ ਇੱਕਦਮ ਸਾਫ ਹੈ ਕਿ ਅੱਜ ਸਾਡੀਆਂ ਸਰਕਾਰਾਂ ਕਿਸਾਨਾਂ ਦੇ ਨਾਲ ਨਹੀਂ, ਆਪਣੀ ਜਨਤਾ ਦੇ ਨਾਲ ਨਹੀਂ ਹਨ,ਆਪਣੇ ਰਾਜ ਅਤੇ ਦੇਸ਼ ਦੇ ਨਾਲ ਨਹੀਂ ਹਨ ਬਲਕਿ ਬਹੁਕੌਮੀ ਕੰਪਨੀਆਂ ਦੀ ਬੁੱਕਲ ਵਿੱਚ ਬੈਠ ਗਈਆਂ ਹਨ।ਇਹ ਕਿਸੇ ਦੇਸ਼ ਅਤੇ ਉਸ ਦੇ ਲੋਕਤੰਤਰ ਲਈ ਬਹੁਤ ਹੀ ਘਾਤਕ ਹੈ ਅਤੇ ਗੁਲਾਮੀ ਦਾ ਸੰਕੇਤ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਨਾਏ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਗੁਰਪੁਰਬ ਦਿਹਾੜੇ ਦੀਆਂ ਝਲਕੀਆਂ
























ਤਸਵੀਰਾਂ- ਰਿੱਕੀ ਪਾਲ ਅਤੇ 'ਦੇਸ਼ ਦੁਆਬਾ'










# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਨਾਏ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਗੁਰਪੁਰਬ ਦਿਹਾੜੇ ਦੀਆਂ ਝਲਕੀਆਂ



ਤਸਵੀਰਾਂ- ਰਿੱਕੀ ਪਾਲ ਅਤੇ 'ਦੇਸ਼ ਦੁਆਬਾ'













# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਨਾਏ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਗੁਰਪੁਰਬ ਦਿਹਾੜੇ ਦੀਆਂ ਝਲਕੀਆਂ



















ਤਸਵੀਰਾਂ- ਰਿੱਕੀ ਪਾਲ ਅਤੇ 'ਦੇਸ਼ ਦੁਆਬਾ'











## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ-ਲੱਖ ਵਧਾਈਆਂ



S. Mohinder Singh Mahi (Senior Vice President SGRDS Bay Area CA) with his daughter

# ਸ. ਮਹਿੰਦਰ ਸਿੰਘ ਮਾਹੀ ਅਤੇ ਸਮੂਹ ਪਰਿਵਾਰ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ-ਲੱਖ ਵਧਾਈਆਂ




# ਤਰਲੋਚਨ ਸਿੰਘ ਬੱਧਣ (ਖਜਾਨਚੀ) ਅਤੇ ਸਮੂਹ ਬੱਧਣ ਪਰਿਵਾਰ

## ਜਲਿਆਂਵਾਲੇ ਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ 'ਤੇ ਵਿਸ਼ੇਸ਼

# 'ਜਦੋਂ ਗੱਜਿਆ ਲੰਡਨ ਵਿਚ ਸੂਰਮਾ'



ਪ੍ਰੋ. ਐਚ. ਐਲ. ਕਪੂਰ

ਲੋਕਾਂ ਵਿਚ ਇਹ ਆਮ ਧਾਰਨਾ ਹੈ ਕਿ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਨੇ ਜਨਰਲ ਡਾਇਰ ਨੂੰ ਮਾਰ ਕੇ ਜੱਲ੍ਹਿਆਂ ਵਾਲੇ ਬਾਗ ਦੇ ਹੱਤਿਆ ਕਾਂਡ ਦਾ ਬਦਲਾ ਲਿਆ ਸੀ ਪਰ ਭਾਰਤ ਦੇ ਇਸ ਮਹਾਨ ਸਪੂਤ ਨੇ ਬ੍ਰਿਗੇਡੀਅਰ ਜਨਰਲ ਰੇਜ਼ੀਨਲਡ ਇਡਵਰਡ ਹੈਰੀ ਡਾਇਰ ਨੂੰ ਨਹੀਂ ਸਗੋਂ ਮਾਈਕਲ ਓਡਵਾਇਰ ਨੂੰ ਜੋ ਉਸ ਸਮੇਂ ਪੰਜਾਬ ਪ੍ਰਾਂਤ ਦਾ ਗਵਰਨਰ ਸੀ, ਨੂੰ ਮਾਰਿਆ ਸੀ, ਜਿਸ ਦੇ ਹੁਕਮਾਂ ਨਾਲ 13 ਅਪ੍ਰੈਲ, 1919 ਈਸਵੀ ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਇਹ ਹੱਤਿਆ ਕਾਂਡ ਹੋਇਆ ਸੀ। ਉਸ ਨੇ ਨਿਰਦੋਸ਼ ਭਾਰਤੀਆਂ 'ਤੇ ਜੋ ਪੁਰਅਮਨ ਤਰੀਕੇ ਨਾਲ ਆਪਣੀ ਸਭਾ ਕਰ ਰਹੇ ਸਨ, ਉਹਨਾਂ ਤੇ ਬਿਨਾਂ ਕਿਸੇ ਚਿਤਾਵਨੀ ਦਿੱਤਿਆਂ ਅੰਧਾ-ਧੁੰਦ ਗੋਲੀਆਂ ਚਲਾ ਕੇ ਇਸ ਤਰ੍ਹਾਂ ਦੀ ਬਰਬਰਤਾ ਪੂਰਨ ਕਾਰਵਾਈ ਕੀਤੀ ਸੀ ਤਾਂ ਜੋ ਭਾਰਤੀਆਂ ਵਿਚ ਦਹਿਸ਼ਤ ਪੈਦਾ ਕੀਤੀ ਜਾ ਸਕੇ। ਉਹ ਚਾਹੁੰਦਾ ਸੀ ਕਿ ਭਾਰਤੀ ਲੋਕ ਅੰਗਰੇਜ਼ ਸਰਕਾਰ ਦੇ ਖਿਲਾਫ ਆਜ਼ਾਦੀ ਲਈ ਆਪਣੀ ਜੁਬਾਨ ਨਾ ਖੋਲ੍ਹਣ। ਸਰਦਾਰ ਊਧਮ ਸਿੰਘ ਇਸ ਘਟਨਾ ਲਈ ਗਵਰਨਰ ਮਾਈਕਲ ਓਡਵਾਇਰ ਨੂੰ ਜ਼ਿੰਮੇਵਾਰ ਸਮਝਦਾ ਸੀ।

26 ਦਸੰਬਰ, 1899 ਨੂੰ ਪੰਜਾਬ ਵਿਚ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਕਸਬੇ ਵਿਚ ਜਨਮੇ ਸਰਦਾਰ ਊਧਮ ਸਿੰਘ ਜੀ ਨੇ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਇਸ ਨਰਸੰਹਾਰ ਦਾ ਬਦਲਾ ਲੈਣ ਲਈ, ਜਿਸ ਵਿਚ ਸੈਂਕੜੇ ਭਾਰਤੀਆਂ ਦੀ ਸਮੂਹਿਕ ਹੱਤਿਆ ਕੀਤੀ ਸੀ, ਦਾ ਬਦਲਾ 21 ਸਾਲ ਬਾਅਦ ਅੰਗਰੇਜ਼ਾਂ ਦੇ ਘਰ ਜਾ ਕੇ ਲਿਆ ਸੀ। ਇਸ ਤਰ੍ਹਾਂ ਵਿਦੇਸ਼ੀ ਧਰਤੀ 'ਤੇ ਜਾ ਕੇ ਕਿਸੇ ਦੇ ਘਰ ਵਿਚ ਇਸ ਤਰ੍ਹਾਂ ਦੀ ਹਕੀਕਤ ਨੂੰ ਅੰਜ਼ਾਮ ਦੇਣਾ ਇਕ ਬਹੁਤ ਹੀ ਮਹਾਨਤਾ ਪੂਰਵਕ ਕੰਮ ਸੀ। ਇਸੇ ਲਈ ਹੀ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੀ ਇਹ ਕੁਰਬਾਨੀ ਉਹਨਾਂ ਨੂੰ ਦੂਸਰੇ ਹੋਰ ਆਜ਼ਾਦੀ ਦੇ ਕੌਮੀ ਪ੍ਰਵਾਨਿਆਂ ਨਾਲੋਂ ਸਿਰਮੌਰ ਰੱਖਦੀ ਹੈ।

ਇਤਿਹਾਸਕਾਰ ਡਾ: ਸਰਵਦਾ ਨੰਦਨ ਦੇ ਅਨੁਸਾਰ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਭਾਰਤ ਵਿਚ ਸਭ ਧਰਮਾਂ ਨੂੰ ਪਿਆਰ ਕਰਦੇ ਸਨ। ਇਸੇ ਲਈ ਹੀ ਉਹਨਾਂ ਨੇ ਆਪਣਾ ਨਾਮ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਜਿਹੜਾ ਕਿ ਭਾਰਤ ਦੇ ਤਿੰਨਾਂ ਧਰਮਾਂ ਦਾ ਪ੍ਰਤੀਕ ਹੈ ਪਰ ਇਤਿਹਾਸਕਾਰ ਸ: ਨਵਤੇਜ ਸਿੰਘ ਜੀ ਆਪਣੀ ਲਿਖੀ ਸ: ਊਧਮ ਸਿੰਘ ਜੀ ਦੀ ਜੀਵਨੀ ਵਿਚ ਲਿਖਦੇ ਹਨ ਕਿ ਜਦੋਂ ਸਰਦਾਰ ਊਧਮ ਸਿੰਘ ਜੀ ਇੰਗਲੈਂਡ ਗਏ ਤੇ ਉਹਨਾਂ ਨੇ ਇਕ ਮੁਸਲਮਾਨ ਔਰਤ ਨਾਲ ਸ਼ਾਦੀ ਕਰ ਲਈ ਸੀ ਤੇ ਆਪਣਾ ਨਾਂ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ ਸੀ। ਇਹ ਬਿਆਨ ਸਰਦਾਰ ਊਧਮ ਸਿੰਘ ਜੀ ਨੇ ਬ੍ਰਿਟਿਸ਼ ਕੋਰਟ ਵਿਚ ਵੀ ਦਿੱਤਾ ਸੀ ਪਰ ਇਸ ਤੋਂ ਇਲਾਵਾ ਉਹਨਾਂ ਦੇ ਹੋਰ ਵੀ ਕਈ ਨਾਮ ਸਨ ਜਿਵੇਂ: ਊਧਵਨ ਸਿੰਘ, ਊਧੇ ਸਿੰਘ, ਫਰੈਂਕ ਬਰਾਜੀਲ ਆਦਿ। ਇਹ ਨਾਮ ਉਹਨਾਂ ਨੇ ਆਪਣੀ ਗੁਪਤਤਾ ਬਣਾਈ ਰੱਖਣ ਲਈ ਬਦਲੇ ਸਨ। ਇਹ ਜ਼ਰੂਰੀ ਵੀ ਸੀ ਕਿ ਉਹਨਾਂ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਰਗਰਮੀ ਨੂੰ ਕੋਈ ਪਛਾਣ ਕੇ ਸ਼ਿਕਾਇਤ ਨਾ ਕਰ ਦੇਵੇ ਤਾਂ ਜੋ ਉਹ ਛੇਤੀ ਪਕੜੇ ਨਾ ਜਾ ਸਕਦੇ।

ਸਰਦਾਰ ਊਧਮ ਸਿੰਘ ਜੀ ਅਨਾਥ ਸਨ। ਸੰਨ 1901 ਵਿਚ ਉਨ੍ਹਾਂ ਦੀ ਮਾਤਾ ਤੇ ਸੰਨ 1907 ਵਿਚ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਉਹਨਾਂ ਦੀ ਪਰਵਰਿਸ਼ ਕਰਨ ਵਾਲਾ ਕੋਈ ਨਾ ਰਿਹਾ ਤੇ ਉਹਨਾਂ ਨੂੰ ਤੇ ਉਹਨਾਂ ਦੇ ਵੱਡੇ ਭਰਾ ਨੂੰ ਅੰਮ੍ਰਿਤਸਰ ਦੇ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਵਿਖੇ ਲਿਆਂਦਾ ਗਿਆ। ਉਹਨਾਂ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਤੇ ਭਰਾ ਦਾ ਨਾਮ ਮੁਕਤਾ ਸਿੰਘ ਸੀ, ਪ੍ਰੰਤੂ ਅਨਾਥ ਆਸ਼ਰਮ ਵਿਚ ਕ੍ਰਮਵਾਰ ਉਹਨਾਂ ਨੂੰ ਊਧਮ ਸਿੰਘ ਤੇ ਸਾਧੂ ਸਿੰਘ ਦੇ ਨਵੇਂ ਨਾਮ ਮਿਲੇ।

ਅਨਾਥ ਆਸ਼ਰਮ ਵਿਚ ਅਜੇ ਦੋਹਾਂ ਭਰਾਵਾਂ ਦੀ ਜ਼ਿੰਦਗੀ ਚੱਲ ਹੀ ਰਹੀ ਸੀ ਕਿ ਉਹਨਾਂ ਦੇ ਵੱਡੇ ਭਰਾ ਦੀ 1917 ਵਿਚ ਮੌਤ ਹੋ ਗਈ ਤੇ ਇਸ ਸੰਸਾਰ ਵਿਚ ਊਧਮ ਸਿੰਘ ਜੀ ਇਕੱਲੇ ਰਹਿ ਗਏ। ਆਸ਼ਰਮ ਵਿਚ ਰਹਿੰਦਿਆਂ ਹੀ ਊਧਮ ਸਿੰਘ ਜੀ ਨੇ ਆਪਣੀ ਮੈਟ੍ਰਿਕ ਦੀ ਪ੍ਰੀਖਿਆ ਵੈਜਨਾਥ ਹਾਈ ਸਕੂਲ ਅੰਮ੍ਰਿਤਸਰ ਤੋਂ 1918 ਵਿਚ ਪਾਸ ਕਰ ਲਈ ਤੇ ਸੰਨ 1919 ਵਿਚ ਅਨਾਥ ਆਸ਼ਰਮ ਛੱਡ ਦਿੱਤਾ ਤੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਲੜਾਈ ਵਿਚ ਸ਼ਾਮਲ ਹੋ ਗਏ।

ਸਰਦਾਰ ਊਧਮ ਸਿੰਘ ਜੀ ਦਾ ਜਨਮ ਇਕ ਹਿੰਦੂ ਗਰੀਬ ਕਿਸਾਨ ਜੰਮੂ ਕੰਬੋਜ ਪਰਿਵਾਰ ਵਿਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਚੂਹੜ ਸਿੰਘ ਸੀ, ਜੋ ਅੰਮ੍ਰਿਤ ਛਕਣ ਉਪਰੰਤ ਸਿੱਖ ਧਰਮ ਗ੍ਰਹਿਣ ਕਰਕੇ ਟਹਿਲ ਸਿੰਘ ਜੰਮੂ ਹੋ ਗਿਆ। ਇਤਿਹਾਸਕਾਰ ਸ੍ਰੀ ਚਮਨ ਲਾਲ ਜੀ ਆਪਣੀ ਇਕ ਰਚਨਾ ਵਿਚ ਇਸ ਪਰਿਵਾਰ ਨੂੰ ਸਿੱਖ ਧਰਮ ਗ੍ਰਹਿਣ ਕਰਨ ਤੋਂ ਪਹਿਲਾਂ ਇਕ ਦਲਿਤ ਹਿੰਦੂ ਕਿਸਾਨ ਪਰਿਵਾਰ ਦਾ ਨਾਮ ਵੀ ਦਿੰਦੇ ਹਨ।

ਊਧਮ ਸਿੰਘ ਜੀ ਦੇ ਪਿਤਾ ਭਾਰਤ ਸਰਕਾਰ ਦੇ ਰੇਲਵੇ ਵਿਭਾਗ ਵਿਚ ਕਰਾਸਿੰਗ ਵਾਚਮੈਨ ਦੇ ਅਹੁਦੇ ਤੇ ਪਿੰਡ ਉਪਲੀ ਵਿਖੇ ਨਿਯੁਕਤ ਸਨ। ਇਤਿਹਾਸਕਾਰ ਸ: ਨਵਤੇਜ ਸਿੰਘ ਜੀ ਆਪਣੀ ਪੁਸਤਕ ਵਿਚ ਲਿਖਦੇ ਹਨ ਕਿ ਸਰਦਾਰ ਊਧਮ ਸਿੰਘ ਜੀ ਨੇ ਵੀ 'ਨਾਰਦਰਨ ਵੈਸਟਰਨ ਰੇਲਵੇ' ਵਿਚ 1917 ਤੋਂ 1922 ਤੱਕ ਬਤੌਰ ਇਕ ਟਰੇਨੀ ਡਰਾਈਵਰ, ਫਾਇਰ ਮੈਨ ਜਾਂ ਗਾਰਡ ਦੇ ਤੌਰ ਤੇ ਨੌਕਰੀ ਕੀਤੀ ਤੇ 'ਇੰਡੀਆ ਜਨਰਲ ਸਰਵਿਸ' ਦਾ ਮੈਡਲ ਵੀ ਵਜ਼ੀਰਸਥਾਨ ਕੰਮਪੇਨ ਜੋ 1919 ਤੋਂ 1921 ਤੱਕ ਚਲੀ ਸੀ ਦੇ ਬਦਲੇ ਵਿਚ ਪ੍ਰਾਪਤ ਕੀਤਾ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਪ੍ਰਮੁੱਖ ਨੇਤਾ ਡਾ: ਸਤਪਾਲ ਤੇ ਡਾ ਸੈਫੁਦੀਨ ਕਿਚਲੂ ਤੇ ਉਹਨਾਂ ਦੇ ਨਾਲ ਕੁਝ ਹੋਰ ਨੇਤਾਵਾਂ ਨੂੰ ਰੋਲਟ ਐਕਟ ਦਾ ਵਿਰੋਧ ਕਰਨ ਤੇ ਮਿਤੀ 10 ਅਪ੍ਰੈਲ, 1919 ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਇਸ ਦਾ ਵਿਰੋਧ ਕਰ ਰਹੀ ਭੀੜ ਤੇ ਅੰਗਰੇਜ਼ ਸਰਕਾਰ ਨੇ ਲਾਠੀਚਾਰਜ ਕੀਤਾ ਤੇ ਗੋਲੀ ਵੀ ਚਲਾਈ। ਇਸ ਤੇ ਭੀੜ ਆਪੇ ਤੋਂ ਬਾਹਰ ਹੋ ਗਈ ਤੇ ਪੁਲਿਸ ਨਾਲ ਝੜੱਪਾਂ ਵਿਚ ਚਾਰ ਅੰਗਰੇਜ਼ ਵੀ ਮਾਰੇ ਗਏ ਤੇ ਇਸ ਭੀੜ ਨੇ ਬ੍ਰਿਟਿਸ਼ ਬੈਂਕਾਂ ਨੂੰ ਅੱਗ ਵੀ ਲਗਾ ਦਿੱਤੀ। ਰੋਲਟ ਐਕਟ ਇਕ ਅਜਿਹਾ ਐਕਟ ਸੀ, ਜਿਹੜਾ ਭਾਰਤੀਆਂ ਦੇ ਮੂਲ ਅਧਿਕਾਰਾਂ ਨੂੰ ਖਤਮ ਕਰਨ ਵਾਲਾ ਐਕਟ ਸੀ।

ਇਹਨਾਂ ਉਕਤ ਨੇਤਾਵਾਂ ਦੀ ਰਿਹਾਈ ਲਈ ਤੇ ਰੋਲਟ ਐਕਟ ਦੇ ਵਿਰੋਧ ਵਿਚ ਅੰਮ੍ਰਿਤਸਰ ਜਲ੍ਹਿਆਂਵਾਲਾ ਬਾਗ ਵਿਖੇ ਲੋਕਾਂ ਨੇ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਇਕ ਸਭਾ ਰੱਖੀ। ਇਸ ਸਭਾ ਵਿਚ ਕੋਈ 20 ਹਜ਼ਾਰ ਦੇ ਕਰੀਬ ਲੋਕ ਇਕੱਤਰ ਸਨ। ਇਸ ਸਭਾ ਵਿਚ ਸਰਦਾਰ ਊਧਮ ਸਿੰਘ ਜੀ ਤੇ ਯਤੀਮਖਾਨੇ ਦੇ ਉਹਨਾਂ ਦੇ ਕੁਝ ਸਾਥੀ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਹੇ ਸਨ।



ਇਸ ਸਭਾ ਤੋਂ ਗੁੱਸੇ ਵਿਚ ਆਏ ਉਸ ਸਮੇਂ ਪੰਜਾਬ ਪ੍ਰਾਂਤ ਦੇ ਗਵਰਨਰ ਮਾਈਕਲ ਉਡਵਾਇਰ ਨੇ ਬ੍ਰਿਗੇਡੀਅਰ ਜਨਰਲ ਰੇਜੀਨਲਡ ਇਡਵਰਡ ਹੈਰੀ ਡਾਇਰ ਨੂੰ ਹੁਕਮ ਦਿੱਤਾ ਕਿ ਭਾਰਤੀਆਂ ਨੂੰ ਅਜਿਹਾ ਸਬਕ ਸਿਖਾਏ ਜਿਸ ਨਾਲ ਉਹ ਆਉਣ ਵਾਲੇ ਸਮੇਂ ਵਿਚ ਅਜਿਹੀ ਸਭਾ ਨਾ ਕਰ ਸਕਣ। ਜਨਰਲ ਡਾਇਰ ਨੇ 90 ਸੈਨਿਕਾਂ ਦੀ ਮਦਦ ਨਾਲ ਜਲ੍ਹਿਆਂ ਵਾਲੇ ਬਾਗ ਨੂੰ ਘੇਰਾ ਪਾ ਲਿਆ ਤੇ ਮਸ਼ੀਨ ਗੰਨਾਂ ਨਾਲ ਅੰਨੇ-ਵਾਹ ਗੋਲੀਬਾਰੀ ਕਰਕੇ ਸੈਂਕੜੇ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਜਲ੍ਹਿਆਂ ਵਾਲੇ ਬਾਗ ਵਿਚ ਲੋਕਾਂ ਦੇ ਆਉਣ ਤੇ ਜਾਣ ਲਈ ਸਿਰਫ਼ ਇਕੋ ਹੀ ਕੋਈ ਚਾਰ ਜਾਂ ਪੰਜ ਫੁੱਟ ਦਾ ਚੌੜਾ ਬੜਾ ਤੰਗ ਜਿਹਾ ਰਸਤਾ ਹੈ , ਤੇ ਗੰਨਾਂ ਬੀੜ ਦਿੱਤੀਆਂ ਤਾਂ ਜੋ ਇਸ ਰਸਤੇ ਰਾਹੀਂ ਲੋਕ ਬਾਹਰ ਵੱਲ ਨਾ ਭੱਜ ਸਕਣ। ਬਾਕੀ ਸਾਰੇ ਬਾਗ ਦੇ ਇਰਦ-ਗਿਰਦ ਰਿਹਾਇਸ਼ੀ ਮਕਾਨਾਂ ਦੀ ਪਿੱਠ ਲੱਗਦੀ ਹੈ। ਆਪਣੀ ਜਾਨ ਬਚਾਉਣ ਲਈ ਕੁਝ ਲੋਕਾਂ ਨੇ ਦੀਵਾਰਾਂ ਚੜ੍ਹ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਕੁਝ ਇਕ ਲੋਕਾਂ ਨੇ ਜਾਨ ਬਚਾਉਣ ਲਈ ਬਾਗ ਵਿਚ ਮੌਜੂਦ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਬਾਗ ਵਿਚ ਲੱਗੇ ਬੋਰਡ ਤੇ ਲਿਖਿਆ ਹੋਇਆ ਹੈ ਕਿ 120 ਲਾਸ਼ਾਂ ਸਿਰਫ਼ ਖੂਹ ਵਿਚੋਂ ਹੀ ਮਿਲੀਆਂ।

ਸਰਕਾਰੀ ਤੌਰ ਤੇ ਮੌਤਾਂ ਦੀ ਗਿਣਤੀ 379 ਦੱਸੀ ਗਈ ਹੈ ਜਦੋਂ ਕਿ ਪੰਡਤ ਮਦਨ ਮੋਹਨ ਮਾਲਵੀਆ ਅਨੁਸਾਰ ਘੱਟ ਤੋਂ ਘੱਟ 1300 ਲੋਕ ਮਾਰੇ ਗਏ ਸੀ। ਸੁਆਮੀ ਸ਼ਰਧਾ ਨੰਦਾ ਜੀ ਦੇ ਕਥਨ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1500 ਤੋਂ ਉਪਰ ਸੀ ਜਦੋਂ ਕਿ ਉਸ ਸਮੇਂ ਦੇ ਅੰਮ੍ਰਿਤਸਰ ਦੇ ਸਿਵਲ ਸਰਜਨ ਡਾਕਟਰ ਸਮਿੱਥ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1800 ਤੋਂ ਜ਼ਿਆਦਾ ਸੀ।

ਰਾਜਨੀਤਿਕ ਕਾਰਨਾਂ ਕਰਕੇ ਜਲ੍ਹਿਆਂ ਵਾਲੇ ਬਾਗ ਵਿਚ ਹੋਈਆਂ ਮੌਤਾਂ ਦੀ ਗਿਣਤੀ ਦੇ ਅੰਕੜੇ ਕਦੇ ਸਾਹਮਣੇ ਨਹੀਂ ਆਏ। ਇਸ ਬਰਬਰਤਾਪੂਰਨ ਘਟਨਾ ਦਾ ਸਰਦਾਰ ਊਧਮ ਸਿੰਘ ਜੀ ਤੇ ਬਹੁਤ ਅਸਰ ਹੋਇਆ ਤੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੀ ਆਪਣੀ ਮੁੱਠੀ ਵਿਚ ਮਿੱਟੀ ਲੈ ਕੇ ਗਵਰਨਰ ਮਾਈਕਲ ਉਡਵਾਇਰ ਨੂੰ ਸਬਕ ਸਿਖਾਉਣ ਲਈ ਕਸਮ ਖਾਧੀ।

ਇਸ ਘਟਨਾ ਪਿੱਛੋਂ ਸ: ਊਧਮ ਸਿੰਘ ਜੀ 'ਨੌਜਵਾਨ ਕ੍ਰਾਂਤੀ ਗਰੁੱਪ' ਵਿਚ ਸ਼ਾਮਲ ਹੋ ਗਏ। ਉਹ ਸਰਦਾਰ ਭਗਤ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਸਨ। ਉਹ ਹਰ ਸਮੇਂ ਆਪਣੇ ਪਾਸ ਸਰਦਾਰ ਭਗਤ ਸਿੰਘ ਜੀ ਦੀ ਫੋਟੋ ਰੱਖਦੇ ਸਨ ਤੇ ਸਰਦਾਰ ਭਗਤ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਇਸੇ ਤਰਾਂ ਸ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਦੀ ਫੋਟੋ ਆਪਣੇ ਕੋਲ ਰੱਖਦੇ ਸਨ ਤੇ ਉਹਨਾਂ ਨੂੰ ਆਪਣਾ ਗੁਰੂ ਮੰਨਦੇ ਸਨ। ਸੰਨ 1924 ਵਿਚ ਸ: ਊਧਮ ਸਿੰਘ ਜੀ 'ਗਦਰ ਪਾਰਟੀ' ਵਿਚ ਸ਼ਾਮਲ ਹੋ ਗਏ। ਗਦਰ ਪਾਰਟੀ ਉਸ ਸਮੇਂ ਵਿਦੇਸ਼ਾਂ ਵਿਚ ਰਹਿ-ੰਦੇ ਭਾਰਤੀਆਂ ਨੂੰ ਜਾਗਰਿਤ ਕਰਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਤਿਆਰ ਕਰ ਰਹੀ ਸੀ। ਸਰਦਾਰ ਊਧਮ ਸਿੰਘ ਜੀ ਰਾਮ ਪ੍ਰਸਾਦ ਵਿਸਮਿਲਾ ਨੂੰ ਬਹੁਤ ਪਸੰਦ ਕਰਦੇ ਸਨ ਜੋ ਭਾਰਤ ਦੀ ਆਜ਼ਾਦੀ ਲਈ ਤਰਾਨੇ ਲਿਖਦੇ ਸਨ ਤੇ ਕ੍ਰਾਂਤੀਕਾਰੀਆਂ ਦੇ ਹਰਮਨ ਪਿਆਰੇ ਕਵੀ ਸਨ। ਸਰਦਾਰ ਊਧਮ ਸਿੰਘ ਜੀ ਕਈ ਸਾਲ ਲਾਲਾ ਲਾਜਪਤ ਰਾਏ ਤੇ ਸਰਦਾਰ ਕਿਸ਼ਨ ਸਿੰਘ ਜੀ ਦੇ ਸੰਪਰਕ ਵਿਚ ਵੀ ਰਹੇ ਕਿਉਂਕਿ ਇਹ ਉਹਨਾਂ ਦੇ ਚੰਗੇ ਮਿੱਤਰ ਵੀ ਸਨ।

1927 ਵਿਚ ਅਮਰੀਕਾ ਵਿਖੇ ਥੋੜ੍ਹਾ ਸਮਾਂ ਰਹਿਣ ਉਪਰੰਤ ਸਰਦਾਰ ਭਗਤ ਸਿੰਘ ਜੀ ਦੇ ਕਹਿਣ ਤੇ ਵਾਪਸ ਭਾਰਤ ਆ ਗਏ। ਉਹ ਅਮਰੀਕਾ ਤੋਂ ਆਪਣੇ 25 ਸਾਥੀਆਂ ਸਮੇਤ ਭਾਰਤ ਵਾਪਸ ਆਏ ਤੇ ਆਪਣੇ ਨਾਲ ਪਿਸਤੌਲ ਤੇ ਹੋਰ ਅਸਲਾ ਵੀ ਆਪਣੇ ਨਾਲ ਲੈ ਕੇ ਆਏ। ਸਰਦਾਰ ਊਧਮ ਸਿੰਘ ਜੀ ਕੋਲ ਅਸਲੇ ਦਾ ਲਾਇਸੈਂਸ ਨਾ ਹੋਣ ਕਾਰਨ ਤੇ ਆਪਣੇ ਨਾਲ ਅਮਰੀਕਾ ਤੋਂ ਗਦਰ ਪਾਰਟੀ ਦੇ ਅਖਬਾਰ 'ਗਦਰ-ਏ-ਜੰਗ' ਦੀਆਂ ਕਾਪੀਆਂ ਵੀ ਲੋਕਾਂ ਨੂੰ ਗਦਰ ਪਾਰਟੀ ਦੀ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਕਾਰਗੁਜ਼ਾਰੀ ਦਿਖਾਉਣ ਲਈ ਨਾਲ ਲਿਆਏ ਸਨ, ਸਮੇਤ ਗ੍ਰਿਫਤਾਰ ਕਰ ਲਏ ਗਏ। ਇਸ ਕੇਸ ਵਿਚ ਉਹਨਾਂ ਨੂੰ ਪੰਜ ਸਾਲ ਦੀ ਬਾਮੁਸ਼ੱਕਤ ਜੇਲ੍ਹ ਜਾਣਾ ਪਿਆ। ਇਸ ਮੁਕੱਦਮੇ ਦੌਰਾਨ ਉਹਨਾਂ ਨੇ ਅਦਾਲਤ ਵਿਚ ਇਹ ਬਿਆਨ ਦਿੱਤਾ ਕਿ ਰੂਸ ਦੇ ਬੋਲਸਵਿਕੀ ਤੋਂ ਉਹ ਪੂਰੀ ਤਰ੍ਹਾਂ ਪ੍ਰਭਾਵਿਤ ਹਨ ਤੇ ਉਹਨਾਂ ਦਾ ਉਦੇਸ਼ ਭਾਰਤ ਵਿਚ ਹਕੂਮਤ ਕਰ ਰਹੇ ਅੰਗਰੇਜ਼ਾਂ ਨੂੰ ਕਤਲ ਕਰਨ ਦਾ ਹੈ ਤਾਂ ਜੋ ਭਾਰਤ ਆਜ਼ਾਦ ਹੋ ਸਕੇ।

1931 ਵਿਚ ਜੇਲ੍ਹ ਤੋਂ ਰਿਹਾਅ ਹੋਣ ਬਾਅਦ ਪੰਜਾਬ ਪੁਲਿਸ ਦੀ ਉਹਨਾਂ ਤੇ ਹਰ ਵਕਤ ਨਜ਼ਰ ਰਹਿੰਦੀ ਸੀ। ਰਿਹਾਅ ਹੋਣ ਤੋਂ ਬਾਅਦ ਫਿਰ ਉਹ ਆਪਣੇ ਜੱਦੀ ਘਰ ਸੁਨਾਮ ਵਿਖੇ ਆ ਗਏ। ਉਥੇ ਵੀ ਪੰਜਾਬ ਪੁਲਿਸ ਉਹਨਾਂ ਨੂੰ ਬਹੁਤ ਤੰਗ ਤੇ ਪ੍ਰੇਸ਼ਾਨ ਕਰਦੀ ਰਹਿੰਦੀ ਸੀ। ਥੋੜ੍ਹਾ ਚਿਰ ਉਥੇ ਰਹਿਣ ਉਪਰੰਤ ਉਹ ਫਿਰ ਅੰਮ੍ਰਿਤਸਰ ਆ ਗਏ ਤੇ ਇੱਥੇ ਉਹਨਾਂ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ 'ਸਾਈਨ ਬੋਰਡ ਪੇਂਟਰ' ਦੀ ਦੁਕਾਨ ਖੋਲ੍ਹ ਲਈ ਤੇ ਥੋੜ੍ਹਾ ਸਮਾਂ ਇਹ ਕੰਮ ਕਰਨ ਉਪਰੰਤ ਉਹ ਜੰਮੂ ਆ ਗਏ। ਉਥੋਂ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਕੇ ਜਰਮਨ ਚਲੇ ਗਏ। ਸ: ਊਧਮ ਸਿੰਘ ਜੀ ਯੂਰਪ ਦੇ ਕਈ ਦੇਸ਼ਾਂ 'ਚੋਂ ਘੁੰਮਦੇ ਹੋਏ 1934 ਵਿਚ ਲੰਡਨ ਪਹੁੰਚ ਗਏ। ਇੱਥੇ ਪਹੁੰਚ ਕੇ ਉਹਨਾਂ ਨੇ ਮਾਈਕਲ ਉਡਵਾਇਰ ਨੂੰ ਮਾਰਨ ਲਈ ਪੂਰੀ ਵਿਉਂਤਬੰਦੀ ਕੀਤੀ। ਉਹਨਾਂ ਨੇ ਇੱਥੇ ਇਕ ਕਾਰ ਤੇ ਪਿਸਤੌਲ ਖਰੀਦਿਆ ਤੇ ਫਿਰ ਢੁਕਵਾਂ ਸਮਾਂ ਆਉਣ ਦਾ ਇੰਤਜ਼ਾਰ ਕਰਨ ਲੱਗੇ। ਭਾਰਤ ਦੇ ਮਹਾਨ ਯੋਧੇ ਨੂੰ ਜਿਸ ਮੌਕੇ ਦੀ ਇੰਤਜ਼ਾਰ ਸੀ, ਉਹ ਢੁਕਵਾਂ ਸਮਾਂ ਉਸ ਨੂੰ 13 ਮਾਰਚ, 1940 ਨੂੰ ਉਸ ਸਮੇਂ ਮਿਲਿਆ, ਜਦੋਂ ਮਾਈਕਲ ਉਡਵਾਇਰ ਲੰਡਨ ਦੇ ਕੈਗਸਟਨ ਹਾਲ ਵਿਚ ਇਕ ਸਭਾ ਵਿਚ ਭਾਗ ਲੈਣ ਲਈ ਗਏ। ਇੱਥੇ ਮਾਈਕਲ ਉਡਵਾਇਰ ਨੇ ਕੈਗਸਟਨ ਹਾਲ ਵਿਚ 'ਈਸਟ ਇੰਡੀਆ ਐਸੋਸੀਏਸ਼ਨ' ਅਤੇ 'ਦੀ ਸੈਂਟਰਲ ਏਸ਼ੀਆ ਸੁਸਾ-ਈਟੀ' (ਹੁਣ ਰਾਇਲ ਸੁਸਾਇਟੀ ਫਾਰ ਏਸ਼ੀਅਨ ਅਫੇਅਰਜ਼) ਵੱਲੋਂ ਕੀਤੀ ਜਾ ਰਹੀ ਮੀਟਿੰਗ ਵਿਚ ਭਾਸ਼ਣ ਦੇਣਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਲਾਰਡ ਜੈਟਲੈਂਡ ਨੇ ਕਰਨੀ ਸੀ ਤੇ ਉਹ ਉਸ ਸਮੇਂ 'ਸੈਕਟਰੀ ਆਫ ਸਟੇਟ ਫਾਰ ਇੰਡੀਆ' ਸੀ।

ਸਰਦਾਰ ਊਧਮ ਸਿੰਘ ਜੀ ਨੇ ਇਕ ਮੋਟੀ ਕਿਤਾਬ ਨੂੰ ਵਿਚੋਂ ਕੱਟ ਕੇ ਰਿਵਾਲਵਰ ਨੂੰ ਲੁਕੋਣ ਲਈ ਜਗ੍ਹਾ ਬਣਾ ਲਈ ਤੇ ਕੈਗਸਟਨ ਹਾਲ ਵਿਚ ਦਾਖਲ ਹੋਣ ਲਈ ਕਾਮਯਾਬ ਹੋ ਗਏ। ਜਿਉਂ ਹੀ ਮਾਈਕਲ ਉਡਵਾਇਰ ਦਾ ਭਾਸ਼ਣ ਖਤਮ ਹੋਇਆ ਤੇ ਸਟੇਜ ਦੇ ਲਾਗੇ ਜਾ ਕੇ ਆਪਣਾ ਮੋਰਚਾ ਸੰਭਾਲਦਿਆਂ ਹੀ ਮਾਈਕਲ ਉਡਵਾਇਰ ਨੂੰ ਅਸਮਾਨੀ ਬਿਜਲੀ ਵਾਂਗ ਗਰਜਦਿਆਂ ਹੋਇਆਂ ਲਲਕਾਰਿਆ ਤੇ ਉਹਨਾਂ 'ਤੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਦੋ ਗੋਲੀਆਂ ਲੱਗੀਆਂ ਤੇ ਮਾਈਕਲ ਉਡਵਾਇਰ ਉਥੇ ਹੀ ਸਟੇਜ 'ਤੇ ਢੇਰੀ ਹੋ ਗਿਆ। ਉਸ ਦੀਆਂ ਗੋਲੀਆਂ ਨਾਲ ਦੂਸਰੇ ਵੀ ਕਈ ਆਦਮੀ ਸਟੇਜ 'ਤੇ ਜ਼ਖਮੀ ਹੋ ਗਏ, ਜਿਹਨਾਂ ਦੇ ਨਾਮ ਹਨ ਲੂਈਜ਼ ਡੈਨੀ, ਲਾਰੈਂਸ ਡਨਡਸ, ਦੂਸਰਾ ਮਾਰਕਿਊਜ਼ ਆਫ ਜੈਟਲੈਂਡ, ਚਾਰਲਸ ਕੈਕਰੈਨੀ ਬੈਲੀ, ਦੂਸਰਾ (ਸੈਕਿੰਡ) ਬਾਰੈਨ ਲਾਮੈਂਗਟਨ। ਹਾਲ ਵਿਚ ਉਸ ਸਮੇਂ ਹਾਹਾਕਾਰ ਮੱਚ ਗਈ। ਸਰਦਾਰ ਊਧਮ ਸਿੰਘ ਜੀ ਨੇ ਉਥੋਂ ਭੱਜਣ ਦਾ ਯਤਨ ਨਹੀਂ ਕੀਤਾ। ਇਸ ਸਮੇਂ ਮੀਟਿੰਗ ਵਿਚ ਇਕ ਹਾਜ਼ਰ ਅੰਗਰੇਜ਼ ਔਰਤ ਜਿਸ ਦਾ ਨਾਂ ਬਰਥਾ ਹੈਰਿੰਗ (Bartha Herring) ਸੀ, ਨੇ ਪਿੱਛਿਉਂ ਊਧਮ ਸਿੰਘ ਜੀ ਨੂੰ ਜੱਫਾ ਮਾਰ ਕੇ ਪਕੜ ਲਿਆ। ਊਧਮ ਸਿੰਘ ਜੀ ਦੇ ਪਿਸਤੌਲ ਵਿਚ ਅਜੇ ਗੋਲੀਆਂ ਸਨ। ਉਹ ਉਸ ਔਰਤ ਦੇ ਗੋਲੀ ਮਾਰ ਕੇ ਭੱਜ ਸਕਦੇ ਸਨ ਪਰ ਉਹਨਾਂ ਨੇ ਇੰਝ ਨਹੀਂ ਕੀਤਾ ਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਅਦਾਲਤ ਵਿਚ ਉਹਨਾਂ ਕੋਲੋਂ ਜੱਜ ਨੇ ਪੁੱਛਿਆ ਕਿ ਤੁਸੀਂ ਉਸ ਔਰਤ ਦੇ ਗੋਲੀ ਕਿਉਂ ਨਹੀਂ ਮਾਰੀ ਤਾਂ ਇਸ ਦਾ ਉਤਰ ਸਰਦਾਰ ਊਧਮ ਸਿੰਘ ਜੀ ਨੇ ਦਿੱਤਾ ਕਿ ਮੈਂ ਔਰਤ 'ਤੇ ਗੋਲੀ ਚਲਾ ਕੇ ਭੱਜ ਸਕਦਾ ਸੀ ਪਰ ਭਾਰਤੀ ਸੰਸਕ੍ਰਿਤੀ ਤੇ ਤਹਿਜ਼ੀਬ ਵਿਚ ਇਕ ਔਰਤ ਤੇ ਹਮਲਾ ਕਰਨਾ ਪਾਪ ਹੈ। ਮੁਕੱਦਮੇ ਦੌਰਾਨ ਉਹਨਾਂ ਨੂੰ ਬਰਿਕਸਟਨ ਦੀ ਜੇਲ੍ਹ ਵਿਚ ਰੱਖਿਆ ਗਿਆ, ਜਿੱਥੋਂ ਉਹ ਸ: ਸ਼ਿਵ ਸਿੰਘ ਜੌਹਲ ਨੂੰ ਚਿੱਠੀਆਂ ਲਿਖਦੇ ਰਹੇ ਜੋ ਮਾਈਕਲ ਉਡਵਾਇਰ ਦੇ ਕਤਲ ਤੋਂ ਬਾਅਦ ਲਿਖੀਆਂ ਸਨ। ਇਹ ਚਿੱਠੀਆਂ ਖੋਜ ਤੋਂ ਉਪਰੰਤ ਪ੍ਰਾਪਤ ਹੋਈਆਂ ਹਨ ਤੇ ਜਿਹਨਾਂ ਨੂੰ ਛਾਪਿਆ ਗਿਆ ਹੈ। ਇਹਨਾਂ ਚਿੱਠੀਆਂ ਤੋਂ ਸਰਦਾਰ ਊਧਮ ਸਿੰਘ ਜੀ ਦੇ ਬੁਲੰਦ ਇਰਾਦਿਆਂ, ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਤੇ ਬਹਾਦਰੀ ਦਾ ਪਤਾ ਲੱਗਦਾ ਹੈ। He called himself a guest of His Majesty King George and he looked upon death as a bride he was going to wed. ਉਸ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਦੇਸ਼ ਲਈ ਕੁਰਬਾਨੀ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਹੈ। ਉਸ ਨੇ ਕੇਸ ਦੌਰਾਨ ਅਦਾਲਤ ਵਿਚ ਮੰਗ ਰੱਖੀ ਕਿ ਉਸ ਦੀਆਂ ਅਸਤੀਆਂ ਭਾਰਤ ਭੇਜੀਆਂ ਜਾਣ ਪਰ ਫਾਂਸੀ ਉਪਰੰਤ ਅੰਗਰੇਜ਼ ਸਰਕਾਰ ਨੇ ਭੇਜਣ ਦੀ ਇਜਾਜ਼ਤ ਉਦੋਂ ਨਾ ਦਿੱਤੀ। ਇਸ ਜੇਲ੍ਹ ਵਿਚ ਉਹ 42 ਦਿਨ ਭੁੱਖ ਹੜਤਾਲ 'ਤੇ ਰਹੇ ਤੇ ਉਹਨਾਂ ਨੂੰ ਜਬਰਦਸਤੀ ਖੁਰਾਕ ਦੇ ਕੇ ਉਹਨਾਂ ਦਾ ਮਰਨ ਵਰਤ ਤੁੜਵਾਇਆ ਗਿਆ। 4 ਜੂਨ, 1940 ਤੱਕ ਸੈਂਟਰਲ ਕਰਿਮੀਨਲ ਕੋਰਟ, ਓਲਡ ਵੈਲੀ ਵਿਚ ਉਹਨਾਂ ਤੇ ਕਤਲ ਦਾ ਕੇਸ ਚਲਾਇਆ ਗਿਆ ਤੇ ਜੱਜ ਐਟਕੈਨਸਨ ਨੇ ਉਹਨਾਂ ਤੋਂ ਪੁੱਛਿਆ ਕਿ ਤੁਸੀਂ ਇਹ ਕਤਲ ਕਿਉਂ ਕੀਤਾ ਤਾਂ ਸਰਦਾਰ ਊਧਮ ਸਿੰਘ ਜੀ ਨੇ ਬੜੀ ਦਲੇਰੀ ਨਾਲ ਉਤਰ ਦਿੱਤਾ ਕਿ ਮੈਨੂੰ ਮਾਈਕਲ ਅਡਵਾਇਰ 'ਤੇ ਜਲ੍ਹਿਆਂ ਵਾਲਾ ਬਾਗ ਵਿਖੇ ਹੋਏ ਕਤਲ ਕਾਂਡ ਪ੍ਰਤੀ ਗੁੱਸਾ ਸੀ ਤੇ ਇਸ ਲਈ ਇਹ ਡਜ਼ਰਬ ਵੀ ਕਰਦਾ ਸੀ। 31 ਜੁਲਾਈ, 1940 ਨੂੰ ਪੈਂਟਨ ਵਿਲੇ ਦੀ ਜੇਲ੍ਹ ਵਿਚ ਸਰਦਾਰ ਊਧਮ ਸਿੰਘ ਜੀ ਨੂੰ ਫਾਂਸੀ ਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਫਾਂਸੀ ਨੂੰ ਸਰਦਾਰ ਊਧਮ ਸਿੰਘ ਜੀ ਨੇ ਹੱਸਦੇ-ਹੱਸਦੇ ਸਵੀਕਾਰ ਕੀਤਾ।

ਸਰਦਾਰ ਊਧਮ ਸਿੰਘ ਜੀ ਨੇ ਆਪਣੀ ਇਹ ਪ੍ਰਤੀਗਿੱਆ ਪੂਰੀ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਭਾਰਤੀ ਸੂਰਬੀਰ ਅਤਿਆਚਾਰੀਆਂ ਨੂੰ ਕਦੇ ਨਹੀਂ ਬਖ਼ਸ਼ਦੇ। 31 ਜੁਲਾਈ, 1974 ਨੂੰ ਬ੍ਰਿਟਿਸ਼ ਸਰਕਾਰ ਨੇ ਭਾਰਤ ਸਰਕਾਰ, ਗਿਆਨੀ ਜੈਲ ਸਿੰਘ ਜੀ ਤੇ ਐਮ. ਐਲ. ਏ. ਸਰਦਾਰ ਸਾਧੂ ਸਿੰਘ ਜੀ ਦੇ ਯਤਨਾਂ ਨਾਲ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੀਆਂ ਅਸਤੀਆਂ ਨੂੰ ਭਾਰਤ ਲਿਆਂਦਾ ਤੇ ਇਹਨਾਂ ਅਸਤੀਆਂ ਨੂੰ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ ਜੀ ਤੇ ਗਿਆਨੀ ਜੈਲ ਸਿੰਘ ਜੀ ਨੇ ਬੜੇ ਸਤਿਕਾਰ ਸਹਿਤ ਪ੍ਰਾਪਤ ਕੀਤਾ ਤੇ ਲੱਖਾਂ ਦੀ ਗਿਣਤੀ ਵਿਚ ਭਾਰਤ ਵਾਸੀਆਂ ਨੇ ਇਹਨਾਂ ਨੂੰ ਆਪਣੇ ਸ਼ਰਧਾ ਸੁਮਨ ਭੇਟ ਕੀਤੇ ਤੇ ਸਰਕਾਰੀ ਸਨਮਾਨਾਂ ਨਾਲ ਇਹਨਾਂ ਦਾ ਸੰਸਕਾਰ ਉਹਨਾਂ ਦੇ ਜੱਦੀ ਕਸਬੇ ਸੁਨਾਮ (ਪੰਜਾਬ) ਵਿਖੇ ਕੀਤਾ ਤੇ ਉਹਨਾਂ ਦੀਆਂ ਅਸਤੀਆਂ ਨੂੰ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ। ਜਿਥੇ ਮਾਈਕਲ ਉਡਵਾਇਰ ਨੂੰ ਸਰਦਾਰ ਊਧਮ ਸਿੰਘ ਜੀ ਨੇ ਗੋਲੀਆਂ ਮਾਰ ਕੇ ਉਡਾ ਦਿੱਤਾ, ਉਥੇ ਜਨਰਲ ਡਾਇਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਨਾਲ ਤੜਫ-ਤੜਫ ਕੇ ਬੁਰੀ ਤਰ੍ਹਾਂ ਆਪਣੀ ਮੌਤੇ ਮਰ ਗਿਆ। ਸਰਦਾਰ ਊਧਮ ਸਿੰਘ ਜੀ ਨੂੰ ਆਪਣੀ ਪੇਟ-ਪੂਰਤੀ ਲਈ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਪਾਪੜ ਵੇਲਣੇ ਪਏ, ਕਈ ਦੁਸ਼ਵਾਰੀਆਂ ਦਾ ਸਾਹ-ਮਣਾ ਕਰਨਾ ਪਿਆ ਤੇ ਕਈ ਦੇਸ਼ਾਂ ਦੀ ਯਾਤਰਾ ਵੀ ਕਰਨੀ ਪਈ। ਊਧਮ ਸਿੰਘ ਜੀ ਨੇ ਕੋਈ ਇਕ ਸਾਲ ਦੇ ਕਰੀਬ ਫੌਜ ਵਿਚ ਨੌਕਰੀ ਬਸਰਾ ਵਿਖੇ ਵੀ ਕੀਤੀ। ਦੋ ਸਾਲਾਂ ਦੇ ਕਰੀਬ ਉਹ ਬ੍ਰਿਟਿਸ਼ ਈਸਟ ਅਫਰੀਕਾ ਵਿਚ ਵੀ ਰਿਹਾ। ਉਥੋਂ ਉਹ ਕੁਝ ਮਹੀਨਿਆਂ ਲਈ ਭਾਰਤ ਵੀ ਵਾਪਸ ਆ ਗਿਆ ਤੇ ਫਿਰ ਛੇਤੀ ਹੀ ਇੰਗਲੈਂਡ ਲੰਡਨ ਵਿਖੇ ਸਰਦਾਰ ਪ੍ਰੀਤਮ ਸਿੰਘ ਜੀ ਦੀ ਕੰਪਨੀ ਵਿਚ ਚਲਾ ਗਿਆ। ਸਰਦਾਰ ਊਧਮ ਸਿੰਘ ਵਾਇਆ ਮੈਕਸੀਕੋ ਅਮਰੀਕਾ ਵੀ ਗਿਆ ਤੇ ਤਕਰੀਬਨ ਦੋ ਸਾਲ ਕੈਲੇਫੋਰਨੀਆ ਵਿਚ ਰਿਹਾ ਤੇ ਕੰਮ ਵੀ ਕੀਤਾ। ਫਿਰ ਕੁਝ ਮਹੀਨੇ ਡੈਟਰਾਇਟ ਤੇ ਸ਼ਿਕਾਗੋ ਤੇ ਉਸ ਤੋਂ ਬਾਅਦ ਪੂਰਬੀ ਨਿਊਯਾਰਕ ਵਿਚ ਕੋਈ ਪੰਜ ਸਾਲ ਤੱਕ ਰਿਹਾ। ਇੱਥੇ ਉਸ ਨੇ ਸ਼ਿਪਿੰਗ ਕੰਪਨੀ ਵਿਚ ਕੰਮ ਕੀਤਾ। ਇੱਥੇ ਉਸ ਸਮੇਂ ਅਮਰੀਕੀ ਸ਼ਿਪਿੰਗ ਕੰਪਨੀਆਂ ਵਿਚ ਭਾਰਤੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਇੱਥੇ ਉਹਨਾਂ ਨੇ ਆਪਣਾ ਨਾਮ ਬਦਲ ਕੇ Frank Brazil of Porto Rico ਰੱਖ ਲਿਆ ਤੇ ਇਕ Seaman ਦੇ ਤਜਰਬੇ ਦਾ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ। ਇੱਥੇ ਉਹਨਾਂ ਨੇ ਇਕ ਤਰਖਾਣ ਵਜੋਂ ਅਮਰੀਕਾ ਦੀਆਂ ਕਈ ਸਮੁੰਦਰੀ ਜਹਾਜ਼ਾਂ ਦੀਆਂ (ਬਾਕੀ ਅਗਲੇ ਸਫੇ ਤੇ)

# ‘ਜਦੋਂ ਗੱਜਿਆ ਲੰਡਨ ਵਿਚ ਸੂਰਮਾ’



ਇਹ ਉਹ ਗਲੀ ਹੈ ਜੋ ਇਕੋ ਇਕ ਬਾਗ ਵਿਚ ਜਾਣ ਦਾ ਰਸਤਾ ਹੈ।






ਸ਼ਹੀਦੀ ਖੂਹ, ਜੋ ਉਸ ਵਕਤ ਲਾਸ਼ਾਂ ਨਾਲ ਭਰ ਗਿਆ ਸੀ



ਕੰਧਾਂ ਤੇ ਪਏ ਗੋਲੀਆਂ ਦੇ ਨਿਸ਼ਾਨ



## ਸ਼ਹੀਦਾਂ ਦੀ ਯਾਦ ਵਿਚ ਬਣੀ ਯਾਦਗਾਰ

ਕੰਪਨੀਆਂ ਵਿਚ ਕੰਮ ਵੀ ਕੀਤਾ। ਨਿਊਯਾਰਕ ਤੋਂ ਉਹਨਾਂ ਨੇ ਸਮੁੰਦਰੀ ਜਹਾਜ਼ ਰਾਹੀਂ ਯੂਰਪ ਦੇ ਕਈ ਦੇਸ਼ਾਂ ਦਾ ਸਫ਼ਰ ਵੀ ਕੀਤਾ। ਸਭ ਤੋਂ ਪਹਿਲਾਂ ਉਹ ਫਰਾਂਸ ਪਹੁੰਚੇ। ਉਸ ਤੋਂ ਬਾਅਦ ਬੈਲਜੀਅਮ, ਜਰਮਨੀ, ਲਾਤੂਨੀਆਂ ਦੇ ਵਿਲਨਾਂ ਤੇ ਵਾਪਸੀ ਹੰਗਰੀ, ਪੋਲੈਂਡ, ਸਵਿਟਜ਼ਰਲੈਂਡ, ਇਟਲੀ ਤੇ ਫਿਰ ਫਰਾਂਸ ਤੋਂ ਵਾਪਸ ਅਮਰੀਕਾ ਆ ਗਏ। ਇਸ ਪਿੱਛੋਂ ਥੋੜ੍ਹੇ ਮਹੀਨੇ ਅਮਰੀਕਾ ਵਿਚ ਰਹਿ ਕੇ ਫਿਰ ਸਮੁੰਦਰੀ ਜਹਾਜ਼ਾਂ ਵਿਚ ਕਈ ਮੈਡੀਟੇਰੀਅਨ ਬੰਦਰਗਾਹਾਂ ’ਤੇ ਇਕ ਤਰਖਾਣ (ਕਾਰਪੈਂਟਰ) ਦੇ ਤੌਰ ’ਤੇ ਨੌਕਰੀ ਕੀਤੀ ਤੇ ਅਖੀਰ ਇਕ ਪੋਤ ਰਾਹੀਂ ਉਹ ਕਰਾਚੀ ਪਹੁੰਚ ਗਏ। ਉਥੋਂ ਹੁੰਦੇ ਹੋਏ 1927 ਵਿਚ ਕਲਕੱਤਾ ਪਹੁੰਚ ਗਏ। ਅਮਰੀਕਾ ਰਹਿੰਦੇ ਸਮੇਂ ਉਹ ਗਦਰ ਪਾਰਟੀ ਦਾ ਕ੍ਰਾਂਤੀਕਾਰੀ ਸਾਹਿਤ ਪੜ੍ਹ ਕੇ ਜੋ ’ਗਦਰ’ ਅਖਬਾਰ ਵਿਚ ਛਪਦਾ ਸੀ ਤੋਂ ਬਹੁਤ ਪ੍ਰਭਾਵਿਤ ਹੋਏ। 27 ਜੁਲਾਈ, 1927 ਨੂੰ ਉਹਨਾਂ ਨੂੰ ਗਦਰੀ ਸਾਹਿਤ ਤੇ ਇਤਰਾਜ਼ਯੋਗ ਪੋਸਟ ਕਾਰਡ ਕੋਲ ਰੱਖਣ ਕਰਕੇ ਜੁਰਮਾਨਾ ਵੀ ਕੀਤਾ ਗਿਆ।

ਲੰਡਨ ਵਿਚ ਉਹ 9 Alder Street, commercial road ਵਿਖੇ ਉਹਨਾਂ ਦੀ ਰਿਹਾਇਸ਼ ਸੀ। 5 ਜੁਲਾਈ 1934 ਨੂੰ ਊਧਮ ਸਿੰਘ ਜੀ ਨੇ ਆਪਣੇ ਪਾਸਪੋਰਟ ’ਤੇ ਅੰਦਰਾਜ਼ ਕਰਾਉਣ ਲਈ ਦਿੱਤਾ। ਇਹ ਪਾਸਪੋਰਟ ਉਹਨਾਂ ਨੂੰ ਲਾਹੌਰ ਤੋਂ ਜਾਰੀ ਹੋਇਆ ਸੀ ਤੇ ਇਸ ਦਾ ਨੰਬਰ 52753 ਸੀ। ਇਸ ਤੇ ਉਹਨਾਂ ਨੇ ਆਪਣਾ ਪਤਾ 4 ਬੈਸਟ ਲੇਨ ਕੈਂਟਰਬਰੀ, ਕੈਂਟ ਲਿਖਿਆ ਤੇ ਇਹ ਕਿਹਾ ਕਿ ਉਹ ਭਾਰਤ ਵਿਚ ਖੇਡਾਂ ਦਾ ਸਮਾਨ ਵੇਚੇਗਾ ਪਰ ਇੱਥੇ ਉਹ ਇਸ ਦਾ ਕੋਈ ਸਬੂਤ ਪੇਸ਼ ਨਾ ਕਰ ਸਕਿਆ। ਫਿਰ ਉਸ ਨੇ ਇਹ ਐਲਾਨ ਕੀਤਾ ਕਿ ਉਹ ਭਾਰਤ ਮੋਟਰ ਸਾਈਕਲ ਤੇ ਸੜਕ ਰਸਤੇ ਜਰਮਨੀ, ਬੈਲਜੀਅਮ, ਪੋਲੈਂਡ ਤੇ ਫਿਰ ਰੂਸ ਤੋਂ ਹੁੰਦਾ ਹੋਇਆ ਭਾਰਤ ਜਾਵੇਗਾ। ਇਸ ਐਲਾਨ ਤੇ ਕਿਸੇ ਨੂੰ ਵੀ ਉਸ ਤੇ ਸ਼ੱਕ ਨਹੀਂ ਹੋਇਆ ਕਿ ਉਹ ਇਕ ਭਾਰਤੀ ਕ੍ਰਾਂਤੀਕਾਰੀ ਉਗਰਵਾਦੀ ਹੈ।

16 ਮਈ 1936 ਨੂੰ ਉਸ ਨੇ ਲੰਡਨ ਵਿਚ ਫਿਰ ਆਪਣੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਅਪਲਾਈ ਕੀਤਾ ਕਿ ਉਸ ਨੂੰ ਹਾਲੈਂਡ, ਜਰਮਨੀ, ਪੋਲੈਂਡ, ਆਸਟ੍ਰੀਆ, ਹੰਗਰੀ ਤੇ ਇਟਲੀ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇੱਥੇ ਉਸ ਨੇ ਆਪਣਾ ਪਤਾ 4- ਡਿਊਕ ਸਟਰੀਟ, ਸਪਿਟਲਫੀਲਡਜ਼-ਈ ਦਿੱਤਾ ਤੇ ਉਸ ਨੂੰ ਇਜਾਜ਼ਤ ਮਿਲ ਗਈ।

16 ਮਈ, 1936 ਨੂੰ ਉਸਨੇ ਫਿਰ ਬਰਲਿਨ ਵਿਖੇ ਪਾਸਪੋਰਟ ਤੇ ਅੰਦਰਾਜ਼ ਕਰਵਾਉਣ ਲਈ ਦਰਖਾਸਤ ਦਿੱਤੀ ਕਿ ਉਹ ਪੂਰਬੀ ਯੂਰਪੀਨ ਦੇਸ਼ਾਂ ਅਤੇ ਰੂਸ ਜਾਣਾ ਚਾਹੁੰਦਾ ਹੈ ਪਰ ਇਸ ’ਤੇ ਇਤਰਾਜ਼ ਲਾ ਦਿੱਤਾ ਤੇ ਉਸ ਨੂੰ ਕਿਹਾ ਕਿ ਉਸ ਦੀ ਦਰਖਾਸਤ ਵਾਪਸ ਲੰਡਨ ਵੈਰੀਫਿਕੇਸ਼ਨ ਲਈ ਭੇਜੀ ਜਾਵੇਗੀ ਪਰ ਊਧਮ ਸਿੰਘ ਜੀ ਨੇ ਇੱਥੇ ਇਹ ਆਪਣੀ ਦਰਖਾਸਤ ਵਾਪਸ ਲੈ ਲਈ। 25 ਜੂਨ, 1936 ਨੂੰ ਫਿਰ ਲੈਨਿਨਗਰਾਡ ਤੋਂ ਲੰਡਨ ਵਿਚ ਪਹੁੰਚਿਆ। ਜੂਨ ਤੋਂ ਨਵੰਬਰ ਮਹੀਨੇ ਤੱਕ ਉਹ ਇਕ ਅੰਗਰੇਜ਼ ਔਰਤ ਦੇ ਪਾਸ ਪੂਰਬੀ ਲੰਡਨ ਵਿਚ ਰਿਹਾ ਤੇ ਇਕ ਸਿਨੇਮਾ ਵਿਚ ਨੌਕਰੀ ਕੀਤੀ ਤੇ ਫਿਲਮ ਦੇ ਇੰਟਰਵਲ ਵੇਲੇ ਭੀੜ ਨੂੰ ਚੀਜ਼ਾਂ ਵੇਚਦਾ ਸੀ। ਇੱਥੇ ਰਹਿੰਦਿਆਂ ਉਹ ਭਾਰਤ ਨੂੰ ਕ੍ਰਾਂਤੀਕਾਰੀਆਂ ਲਈ ਹਥਿਆਰ ਵੀ ਸਮਗਲ ਕਰਦਾ ਰਿਹਾ ਹੈ। ਇੱਥੇ ਉਸਦੀ ਸ਼ਿਕਾਇਤ ਵੀ ਸਰਕਾਰ ਕੋਲ ਹੋਈ ਕਿ ਉਹ ਉਗਰ ਵਿਚਾਰਧਾਰਾ ਵਾਲਾ ਆਦਮੀ ਹੈ ਤੇ ਹਥਿਆਰਾਂ ਦੀ ਸਮਗਲਿੰਗ ਕਰਦਾ ਹੈ ਪਰ ਇਹ ਦੋਸ਼ ਕੋਰਟ ਵਿਚ ਸਾਬਤ ਨਾ ਹੋ ਸਕਿਆ।

ਅਗਸਤ 1938 ਵਿਚ ਉਸ ਤੇ ਇੰਗਲੈਂਡ ਰਹਿੰਦਿਆਂ ਇਹ ਦੋਸ਼ ਵੀ ਲੱਗੇ ਕਿ ਉਹ ਧਮਕੀਆਂ ਦੇ ਕੇ ਲੋਕਾਂ ਤੋਂ ਧੰਨ ਇਕੱਠਾ ਕਰਦਾ ਹੈ। ਅਦਾਲਤ ਇਹਨਾਂ ਦੋਸ਼ਾਂ ਨਾਲ ਸਹਿਮਤ ਨਾ ਹੋਈ ਤੇ ਉਸ ਨੂੰ ਫਿਰ ਦੋਸ਼ ਮੁਕਤ ਕਰਕੇ ਦੂਸਰੀ ਵਾਰ ਛੱਡ ਦਿੱਤਾ।

ਲੰਡਨ ਵਿਚ ਉਗਰ ਵਿਚਾਰ ਰੱਖਣ ਵਾਲੇ ਭਾਰਤੀਆਂ ਨਾਲ ਭਾਰਤੀ ਆਜ਼ਾਦੀ ਲਈ ਕੀਤੀਆਂ ਸਭਾਵਾਂ ਦਾ ਵੀ ਅੰਗਰੇਜ਼ ਸਰਕਾਰ ਨੂੰ ਪਤਾ ਨਾ ਲੱਗਾ।

ਕੌਮੀ ਰਜਿਸਟ੍ਰੇਸ਼ਨ ਵਾਲੇ ਦਿਨ ਉਸ ਨੇ ਆਪਣਾ ਨਾਮ ਆਜ਼ਾਦ ਸਿੰਘ ਦਰਜ ਕਰਵਾਇਆ, ਜਿਸਦਾ ਰਜਿਸਟ੍ਰੇਸ਼ਨ ਨੰਬਰ EACK305/7 ਹੈ। ਕਿੱਤਾ ਤਰਖਾਣਾਂ (ਕਾਰਪੈਂਟਰੀ), ਜਨਮ 23 ਅਕਤੂਬਰ 1905, ਪਤਾ 581 Wimbene Road, Bourne mouth ਲਿਖਵਾਇਆ।

ਅਗਲਾ ਹੋਰ ਰਿਕਾਰਡ ਜਿਹੜਾ ਇਸ ਰਜਿਸਟ੍ਰੇਸ਼ਨ ਤੋਂ ਪਹਿਲਾਂ ਦਾ ਸੀ, ਉਹ ਵੀ ਜੇਲ੍ਹ ਦੇ ਡੀਟੈਕਟਿਕ ਸਰਜੈਂਟ ਲਿਸਾਨੀ ਨੇ ਨਾਲ ਨੱਥੀ ਕਰ ਦਿੱਤਾ। ਜਿੱਥੇ ਉਹ ਆਖਰੀ ਸਮੇਂ ਨੌਕਰੀ ਕਰਦਾ ਸੀ, ਉਥੋਂ ਉਸ ਨੂੰ 7 ਦਸੰਬਰ, 1939 ਨੂੰ ਮੁਅੱਤਲ ਕਰ ਦਿੱਤਾ। ਉਸ ਸਮੇਂ ਉਸ ਨੂੰ 17 ਰੁਪਏ ਹਫਤੇ ਦੇ ਮਿਲਦੇ ਸਨ ਤੇ ਇੱਥੇ ਇਹਨਾਂ ਦਾ ਨਾਮ ਸਿੰਘ ਆਜ਼ਾਦ ਸੀ।

ਇਹ ਉਕਤ ਸਾਰਾ ਰਿਕਾਰਡ (A Short Biographical Sketch) ਪੁਲਿਸ ਰਿਕਾਰਡ ਵਿਚ ਫਾਈਲ ਨੰਬਰ : MEPO 3/1743 ’ਤੇ ਦਰਜ ਹੈ। ਇਹ ਫਾਈਲ ਸਰਕਾਰੀ ਭੇਦ ਵਜੋਂ 56 ਸਾਲਾਂ ਤੱਕ ਗੁਪਤ ਰੱਖੀ ਗਈ ਸੀ।

ਮਾਈਕਲ ਉਡਵਾਇਰ ਦੇ ਕਤਲ ਦਾ ਸਾਰੇ ਭਾਰਤ ਵਿਚ ਬਹੁਤ ਵੱਡਾ ਪ੍ਰਤੀਕਰਮ ਹੋਇਆ। ਬਹੁਤ ਸਾਰੇ ਭਾਰਤੀ ਲੋਕਾਂ ਖਾਸ ਕਰਕੇ ਨੌ-ਜਵਾਨਾਂ ਨੇ ਇਸ ਕਤਲ ਨੂੰ ਜਾਇਜ਼ ਠਹਿਰਾਇਆ ਤੇ ਸਰਦਾਰ ਊਧਮ ਸਿੰਘ ਜੀ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਹ ਉਸਦਾ ਭਾਰਤ ਦੀ ਆਜ਼ਾਦੀ ਲਈ ਇਕ ਮਹਾਨ ਕਾਰਨਾਮਾ ਹੈ।

**ਮਹਾਤਮਾ ਗਾਂਧੀ ਜੀ ਨੇ ਮਾਈਕਲ ਉਡਵਾਇਰ ਦੇ ਇਸ ਕਤਲ ਨੂੰ ਆਪਣੇ ਲਈ ਇਕ ਗਹਿਰਾ ਸਦਮਾ ਦੱਸਿਆ ਤੇ ਕਿਹਾ ਅਗਰ ਇਹ ਪਾਗਲਪੁਣੇ ਦਾ ਕਾਰਾ ਹੈ ਤਾਂ ਮੈਂ ਇਸ ਦਾ ਸਤਿਕਾਰ ਕਰਦਾ ਹਾਂ। ਮੈਂ ਉਮੀਦ ਕਰਦਾ ਹਾਂ ਇਸ ਨੂੰ ਰਾਜਨੀਤਿਕ ਫੈਸਲੇ ਤੇ ਅਸਰ ਪਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ।**

**ਮਹਾਤਮਾ ਗਾਂਧੀ ਵੱਲੋਂ ਦਿੱਤੇ ਗਏ ਇਸ ਬਿਆਨ ਦੀ ’ਦੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ’ ਆਰਮੀ ਨੇ ਜਬਰਦਸਤ ਵਿਰੋਧਤਾ ਕੀਤੀ ਤੇ ਕਿਹਾ ਕਿ ’’ਇਹ ਭਾਰਤੀ ਨੌਜਵਾਨਾਂ ਲਈ ਇਕ ਚੈਲਿੰਜ ਹੈ।’’**

**ਪੰਡਤ ਜਵਾਹਰ ਲਾਲ ਨਹਿਰੂ ਨੇ ’ਨੈਸ਼ਨਲ ਹੈਰਲਡ’ ਵਿਚ ਕਿਹਾ ਕਿ ’ਮੈਨੂੰ ਮਾਈਕਲ ਉਡਵਾਇਰ ਦੀ ਮੌਤ ਦਾ ਬਹੁਤ ਦੁੱਖ ਹੈ ਕਿਉਂਕਿ ਇਹ ਧੋਖੇ ਨਾਲ ਕੀਤਾ ਗਿਆ ਕਤਲ ਹੈ ਪਰ ਇਸ ਤੇ ਹਮੇਸ਼ਾ ਪਛਤਾਵਾ ਰਹੇਗਾ ਤੇ ਇਸ ਦੇ ਜੋ ਵੀ ਨਤੀਜੇ ਨਿਕਲਣਗੇ, ਉਸਦਾ ਭਾਰਤ ਦੇ ਰਾਜਨੀਤਿਕ ਭਵਿੱਖ ਤੇ ਜ਼ਰੂਰ ਅਸਰ ਹੋਵੇਗਾ।’ ਪ੍ਰੰਤੂ 18 ਮਾਰਚ, 1940 ਦੇ ‘ਅੰਮ੍ਰਿਤਾ ਬਾਜ਼ਾਰ’ ਪੱਤ੍ਰਿਕਾ ਵਿਚ ਆਪਣੇ ਪਹਿਲੇ ਦਿੱਤੇ ਗਏ ਵਿਰੋਧੀ ਬਿਆਨਾਂ ਦੇ ਉਲਟ ਆਪਣੀ ਗਲਤੀ ਨੂੰ ਸੁਧਾਰਦਿਆਂ ਕਿਹਾ ਕਿ ਮਾਈਕਲ ਉਡਵਾਇਰ ਦੇ ਕਤਲ ਦਾ ਸਬੰਧ ਪੰਜਾਬ ਦੀਆਂ ਘਟਨਾਵਾਂ ਨਾਲ ਸਬੰਧਿਤ ਹੈ, ਜਿਹਨਾਂ ਨੂੰ ਭਾਰਤ ਕਦੇ ਭੁਲਾਅ ਨਹੀਂ ਸਕਦਾ।’**

ਪੰਜਾਬ ਕਾਂਗਰਸ ਪਾਰਟੀ ਦੀ ਵਿਧਾਨ ਸਭਾ ਦੇ ਮੁਖੀ ਸ੍ਰੀ ਦੀਵਾਨ ਚਮਨ ਲਾਲ ਜੀ ਨੇ ਇਹ ਕਹਿ ਕੇ ਪ੍ਰੀਮੀਅਰ ਲਈ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ’ਮਾਈਕਲ ਉਡਵਾਇਰ ਦਾ ਕਤਲ ਧੋਖੇ ਨਾਲ ਕੀਤਾ ਗਿਆ।

’ਆਲ ਇੰਡੀਆ ਕਾਂਗਰਸ ਪਾਰਟੀ ਦੇ 21ਵੇਂ ਸਾਲਾਨਾ ਇਜਲਾਸ ਵਿਚ ਜਿਹੜਾ ਕਿ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਨੂੰ ਯਾਦ ਕਰਨ ਲਈ ਮਨਾਇਆ ਜਾ ਰਿਹਾ ਸੀ, ’ਆਲ ਇੰਡੀਅਨ ਯੂਥ ਕਾਂਗਰਸ’ ਦੇ ਵਿੰਗ ਨੇ ਸਰਦਾਰ ਊਧਮ ਸਿੰਘ ਜੀ ਦੇ ਹੱਕ ਵਿਚ ਕ੍ਰਾਂਤੀਕਾਰੀ ਨਾਅਰੇ ਲਾਏ ਤੇ ਜਨਰਲ ਮਾਈਕਲ ਉਡਵਾਇਰ ਦੇ ਕਤਲ ਨੂੰ ਇਕ ਦੇਸ਼ ਭਗਤੀ ਦੀ ਕਾਰਵਾਈ ਤੇ ਇਕ ਦਲੇਰਾਨਾ ਕਦਮ ਦੱਸਿਆ।

ਅੰਤਰ ਰਾਸ਼ਟਰੀ ਮੀਡੀਆ ਨੇ ਸਰਦਾਰ ਊਧਮ ਸਿੰਘ ਜੀ ਦੇ ਇਸ ਅੰਜ਼ਾਮ ਨੂੰ ’ਦੀ ਟਾਈਮਜ਼ ਆਫ ਲੰਡਨ’ ਨੇ ਆਜ਼ਾਦੀ ਪ੍ਰਾਪਤ ਕਰਨ ਲਈ ਇਕ ਮਹਾਨ ਲੜਾਕੂ ਦੱਸਿਆ। ਇਸ ਕਾਰਵਾਈ ਨੂੰ ਭਾਰਤ ਵਿਚ ਲੋਕਾਂ ’ਤੇ ਹੋ ਰਹੇ ਜ਼ੁਲਮ ਤੇ ਲਤਾੜੇ ਜਾ ਰਹੇ ਲੋਕਾਂ ਦਾ ਕ੍ਰੋਧ ਦੱਸਿਆ।

ਰੋਮ ਤੋਂ ਬਰਗਰੈਟ ਨੇ ਇਸ ਨੂੰ ਊਧਮ ਸਿੰਘ ਦੀ ਇਹ ਦਲੇਰਾਨਾ ਕਾਰਵਾਈ ਦੱਸਿਆ। ਸੰਨ 1962 ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੇ ਪਹਿਲਾਂ ਦਿੱਤੇ ਵਿਰੋਧੀ ਬਿਆਨਾਂ ਨੂੰ ਸੁਧਾਰਦਿਆਂ ਕਿਹਾ ਕਿ ਸਰਦਾਰ ਊਧਮ ਸਿੰਘ ਜੀ ਦਾ ਸਤਿਕਾਰ ਤੇ ਸਿਫਤ ਕਰਦਿਆਂ ਕਿਹਾ ਕਿ ਉਸ ਨੇ ਫਾਂਸੀ ਦੇ ਰੱਸੇ ਨੂੰ ਮੁਸਕਰਾਉਂਦੇ ਹੋਏ ਚੁੰਮਿਆ, ਜਿਸ ਕਰਕੇ ਹੀ ਅਸੀਂ ਅੱਜ ਆਜ਼ਾਦੀ ਮਾਣ ਰਹੇ ਹਾਂ।

ਅੱਜ ਦੇ ਬੜੇ ਨਾਜ਼ੁਕ ਦੌਰ ਵਿਚ ਦੇਸ਼ ਦੀ ਕਿਸ਼ਤੀ ਨੂੰ ਸਹੀ-ਸਲਾਮਤ ਕਿਨਾਰੇ ਲਾਉਣਾ ਤੇ ਸਾਮਰਾਜੀ ਗਲਬੇ ਦੀ ਪੰਜਾਲੀ ਨੂੰ ਗਲੋਂ ਲਾਹੁਣਾ, ਸਰਮਾਏਦਾਰੀ-ਜਗੀਰੂ ਮੱਕੜਜਾਲ ਤੋਂ ਨਿਜ਼ਾਤ ਪਾਉਣਾ, ਧਾਰਮਿਕ ਕੱਟੜਵਾਦ, ਜਾਤ-ਪ੍ਰਸਤੀ, ਗੁਰਬਤ, ਬੇਕਾਰੀ, ਵਿਤਕਰੇਬਾਜ਼ੀ ਅਤੇ ਜਾਬਰ ਤੇ ਜ਼ੁਲਮ ਤੋਂ ਮੁਕਤ ਹੋਣਾ, ਆਜ਼ਾਦ, ਖੁਸ਼ਹਾਲ ਤੇ ਸਰਵ-ਸਾਂਝੀਵਾਲਤਾ ਭਰਿਆ ਰਾਜ ਦੇਸ਼ ਵਾਸੀਆਂ ਨੂੰ ਦੇਣਾ, ਲੋਕਾਂ ਦੀ ਚੇਤਨਤਾ ਨੂੰ ਜਗਾਉਣਾ ਸਾਡਾ 21ਵੀਂ ਸਦੀ ਦਾ ਮਨੋਰਥ ਹੋਣਾ ਚਾਹੀਦਾ ਹੈ। ਅੱਜ ਦੇ ਸਮੇਂ ਦੀ ਲੋਕਰਾਜੀ ਵਿਵਸਥਾ ਵਿਚ ਹਰ ਪ੍ਰਾਣੀ ਦੀ ਇਹੀ ਮੰਗ ਹੈ।

ਜੋਰਾਵਰਾਂ ਨੂੰ ਇਹ ਐਵੇਂ ਭਰਮ ਹੈ ਕਿ ਇਤਿਹਾਸ ਉਹਨਾਂ ਦੀ ਮਰਜ਼ੀ ਨਾਲ ਸਿਰਜਿਆ ਜਾਵੇਗਾ ਪਰ ਇਤਿਹਾਸ ਕਿਸੇ ਦੀ ਪਰਵਾਹ ਨਹੀਂ ਕਰਦਾ ਤੇ ਇਸ ਵਿਚ ਸਮੇਂ-ਸਮੇਂ ਤੇ ਬਦਲਾਅ ਆਉਂਦਾ ਰਹਿੰਦਾ ਹੈ।

ਉਕਤ ਵਿਚਾਰ ਸਾਡੇ ਮਹਾਨ ਇਨਕਲਾਬੀਆਂ ਦੇ ਇਹੋ ਹੀ ਸਨ ਕਿ ਸਾਡਾ ਦੇਸ਼ ਇਹਨਾਂ ਗੁਣਾਂ ਨਾਲ ਭਰਪੂਰ ਹੋਵੇ ਪਰ ਆਜ਼ਾਦੀ ਤੋਂ ਬਾਅਦ ਹੋਇਆ ਇਸ ਦੇ ਉਲਟ ਹੀ ਹੈ। ਗਰੀਬੀ, ਬੇਰੁਜ਼ਗਾਰੀ, ਤਕੜੇ ਦਾ ਰਾਜ, ਭ੍ਰਿਸ਼ਟਾਚਾਰ, ਲੁੱਟ-ਖਸੁੱਟ ਤੇ ਲੋਕ-ਰਾਜੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਇਸ ਦੇਸ਼ ਵਿਚ ਜਾਂ ਤਾਂ ਰਾਜਨੀਤਿਕ ਲੋਕ ਅਮੀਰ ਹੋਏ ਹਨ, ਜਿਹਨਾਂ ਨੇ ਸਿਰੇ ਦਾ ਭ੍ਰਿਸ਼ਟਾਚਾਰ ਕਰਕੇ ਆਪਣੀਆਂ ਤਿਜੋਰੀਆਂ ਭਰੀਆਂ ਹਨ ਜਾਂ ਫਿਰ ਸਾਧ-ਫਕੀਰ ਤੇ ਬਾਬੇ ਜੋ ਆਪੇ ਰੱਬ ਬਣੀ ਫਿਰਦੇ ਹਨ ਤੇ ਲੋਕਾਂ ਵਿਚ ਅੰਧ-ਵਿਸ਼ਵਾਸ ਫੈਲਾਅ ਕੇ ਭੋਲੀ-ਭਾਲੀ ਜਨਤਾ ਨੂੰ ਲੁੱਟ ਕੇ ਤੇ ਗੁੰਮਰਾਹ ਕਰਕੇ ਅਮੀਰ ਹੋਏ ਹਨ। ਇਹਨਾਂ ਦੋਹਾਂ ਵਰਗਾਂ ਨੇ ਦੇਸ਼ ਨੂੰ ਖੋਖਲਾ ਕਰ ਦਿੱਤਾ ਹੈ। ਇਹਨਾਂ ਤੋਂ ਲੋਕਾਂ ਨੂੰ ਸੁਚੇਤ ਹੋਣ ਦੀ ਸਮੇਂ ਦੀ ਮੰਗ ਹੈ।

ਅੱਜ ਅਸੀਂ ਉਸ ਮਹਾਨ ਯੋਧੇ ਦਾ ਜਨਮ ਦਿਨ ਮਨਾ ਰਹੇ ਹਾਂ, ਜਿਸ ਨੇ ਦੇਸ਼ ਨੂੰ ਆਜ਼ਾਦ ਤੇ ਖੁਸ਼ਹਾਲ ਕਰਨ ਲਈ ਅਨੇਕਾਂ ਕਸ਼ਟਾਂ ਦਾ ਸਾਹਮਣਾ ਕੀਤਾ ਤੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ਆਓ ਦੇਸ਼ ਵਾਸੀਓ ਇਹਨਾਂ ਮਹਾਨ ਯੋਧਿਆਂ ਦੇ, ਦੇਸ਼ ਲਈ ਲਏ ਵਧੀਆ ਸੁਪਨਿਆਂ ਨੂੰ 21ਵੀਂ ਸਦੀ ਵਿਚ ਚੇਤਨ ਹੋ ਕੇ ਸਿਰਜੀਏ ਤੇ ਸਮਾਜ ਨੂੰ ਹਰ ਤਰ੍ਹਾਂ ਦੇ ਉਕਤ ਦੱਸੇ ਕੋਹੜ ਤੋਂ ਨਿਜ਼ਾਤ ਦਿਵਾਈਏ ਤੇ ਦੇਸ਼ ਨੂੰ ਨਵੀਆਂ ਬੁਲੰਦੀਆਂ ਤੇ ਲਿਜਾਣ ਲਈ ਹੰਭਲਾ ਮਾਰੀਏ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਅੰਤ ਵਿਚ ਦੇਸ਼ ਭਗਤੀ ਦੀਆਂ ਉਕਤ ਲਾਈਨਾਂ ਨਾਲ ਭਾਰਤ ਦੇ ਮਹਾਨ ਸ਼ਹੀਦੇ-ਏ-ਆਜ਼ਮ ਸਰਦਾਰ ਊਧਮ ਸਿੰਘ ਤੇ ਹੋਰ ਮਹਾਨ ਸ਼ਹੀਦਾਂ ਨੂੰ ਸਲਾਮ ਕਰਦਾ ਹਾਂ।

# ਚੋਣ ਤਿਕੜਮ, ਲੋਕ-ਲਭਾਊ ਨਾਹਰੇ ਅਤੇ ਆਮ ਲੋਕ



ਗੁਰਮੀਤ ਪਲਾਹੀ
91-98158-02070

**ਅੱਜ ਗਰੀਬ ਜਨਤਾ ਭਾਵੇਂ ਭੁੱਖੀ ਹੈ, ਉਹਨਾ ਦਾ ਜੀਊਣਾ ਦੁੱਭਰ ਹੋ ਰਿਹਾ ਹੈ, ਪਰ ਉਹਨਾ ਵਿੱਚ ਸਵੈਮਾਣ ਦੀ ਕਮੀ ਨਹੀਂ ਹੈ। ਉਹਨਾ ਵਿੱਚ ਆਕੜ ਹੈ। ਉਹ ਨੇਤਾਵਾਂ ਦੀ ਜੂਠ ਖਾਣ ਜਾਂ ਉਹਨਾ ਦੇ ਉਤਾਰੇ ਕੱਪੜੇ ਪਾਉਣ ਲਈ ਤਿਆਰ ਨਹੀਂ ਹੈ। ਮੋਬਾਇਲ ਅਤੇ ਸੋਸ਼ਲ ਮੀਡੀਆ ਨੇ ਉਸ ਨੂੰ ਕੁੱਝ ਹੱਦ ਤੱਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ। ਲੋਕ ਸਮਝਣ ਲੱਗ ਪਏ ਹਨ ਕਿ ਦੇਸ਼ ਦੇ ਨੇਤਾ ''ਚੋਣਾਂ ਦੇ ਮੌਸਮ'' ਵਿੱਚ ਖਾਸ ਕਰਕੇ ਉਹਨਾ ਨੂੰ ਗੁੰਮਰਾਹ ਕਰਦੇ ਹਨ। ਇਸੇ ਕਰਕੇ ਉਹਨਾ ਆਪਣੇ ਹੱਕਾਂ ਦੀ ਰਾਖੀ ਤੇ ਪ੍ਰਾਪਤੀ ਲਈ ''ਸਾਡਾ ਹੱਕ ਇਥੇ ਰੱਖ'' ਦਾ ਨਾਹਰਾ ਬੁਲੰਦ ਕੀਤਾ ਹੈ। ਪਿਛਲੇ ਸਮੇਂ 'ਚ ਦੇਸ਼ ਦੇ ਸਮੇਂ ਦੀ ਹਕੂਮਤ ਵਲੋਂ ਲਿਤਾੜੇ, ਗਰੀਬ ਕਿਸਾਨਾਂ ਦੇ ਨਵੀਂ ਦਿਲੀਂ, ਮੁੰਬਈ 'ਚ ਪੁੱਜੇ ਲੱਖਾਂ ਕਿਸਾਨ ਇਸਦੀ ਉਦਾਹਰਨ ਹਨ।**

ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਕੁੱਝ ਸਮਾਂ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਸਾਨਾਂ ਲਈ ਇੱਕ ਯੋਜਨਾ ਬਣਾਈ। ਨਾਮ ਰੱਖਿਆ ਗਿਆ "ਕਿਸਾਨ ਸਨਮਾਨ ਨਿਧੀ"। ਹਰ ਗਰੀਬ ਕਿਸਾਨ ਪ੍ਰੀਵਾਰ ਲਈ 6000 ਰੁਪਏ ਸਲਾਨਾ ਭਾਵ ਪੰਜ ਸੌ ਰੁਪਏ ਮਹੀਨਾ ਦੇਣ ਦਾ ਐਲਾਨ ਹੋਇਆ। ਇਸਦੀ ਪਹਿਲੀ ਕਿਸ਼ਤ ਦੀ ਰਕਮ ਤਿੰਨ ਮਹੀਨਿਆਂ ਲਈ 2000 ਰੁਪਏ ਇੱਕ ਕਰੋੜ ਤੋਂ ਵੱਧ ਕਿਸਾਨ ਪ੍ਰੀਵਾਰਾਂ ਦੇ ਖਾਤਿਆਂ 'ਚ ਪਾ ਦਿੱਤੀ ਗਈ। ਅਸਲ ਵਿੱਚ ਦੇਸ਼ 'ਚ 164 ਅਸਫਲ ਯੋਜਨਾਵਾਂ ਦਾ ਪੰਜ ਵਰ੍ਹਿਆਂ 'ਚ ਐਲਾਨ ਕਰਨ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਸ ਯੋਜਨਾ ਨੂੰ, ਗੁੱਸੇ ਨਾਲ ਭਰੇ ਪੀਤੇ ਕਿਸਾਨ ਪ੍ਰੀਵਾਰਾਂ ਲਈ ਚੋਣ ਸਮੇਂ 'ਚ,ਚੋਣ ਤਿਕੜਮ, ਚੁਣਾਵੀ ਰਿਸ਼ਵਤ ਅਤੇ ਇੱਕ "ਖੈਰਾਤ" ਦੇਣ ਵਾਂਗਰ ਸਮਝਿਆ ਗਿਆ ਹੈ।

ਇਸੇ ਕਿਸਮ ਦੀ 'ਘੱਟੋ-ਘੱਟ ਆਮਦਨ' ਯੋਜਨਾ ਦੇਸ਼ ਦੇ 5 ਕਰੋੜ ਬਹੁਤ ਹੀ ਗਰੀਬ ਪਰਿਵਾਰਾਂ ਲਈ ਕਾਂਗਰਸ ਵਲੋਂ ਚੋਣਾਂ ਬਾਅਦ 'ਹਾਕਮ' ਬਨਣ ਤੇ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਹ ਯੋਜਨਾ ਦੋ ਪੜਾਵਾਂ 'ਚ ਲਾਗੂ ਕਰਕੇ ਦੇਸ਼ ਵਿੱਚੋਂ ਗਰੀਬੀ ਦਾ ਅੰਤ ਕਰ ਦਿੱਤਾ ਜਾਵੇਗਾ। ਕਾਂਗਰਸ ਵਲੋਂ 46 ਵਰ੍ਹੇ ਪਹਿਲਾਂ ਵੀ 'ਗਰੀਬੀ ਹਟਾਓ' ਦਾ ਨਾਹਰਾ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਦਿੱਤਾ ਸੀ। ਉਸਦੇ ਲਗਭਗ ਪੰਜ ਦਹਾਕਿਆਂ ਦੇ ਬੀਤਣ ਬਾਅਦ ਵੀ ਦੇਸ਼ 'ਚੋਂ ਗਰੀਬੀ ਖ਼ਤਮ ਨਹੀਂ ਹੋਈ। ਦੇਸ਼ ਦਾ ਗਰੀਬ, ਹੋਰ ਗਰੀਬ ਹੋਇਆ ਹੈ ਅਤੇ ਅਮੀਰ ਬਹੁਤ ਜਿਆਦਾ ਅਮੀਰ। ਕੀ 'ਨਕਦ ਨਰਾਇਣ' ਮਿਲਣ ਦੀ ਉਮੀਦ ਨਾਲ ਲੋਕ ਕਾਂਗਰਸ ਦੇ ਹੱਕ 'ਚ ਖੜਣਗੇ? ਕਾਂਗਰਸ ਵਲੋਂ ਮੋਦੀ ਦੀਆਂ ਭਰੀਆਂ-ਭੁਕੰਨੀਆਂ ਖਾਲੀ ਸਕੀਮਾਂ ਅਤੇ ਰਾਸ਼ਟਰਵਾਦ ਦੇ ਜਜ਼ਬਾਤੀ ਨਾਹਰੇ ਦੇ ਵਿਰੁੱਧ ਘੱਟੋ-ਘੱਟ ਆਮਦਨ ਦਾ ਧਮਾਕਾ ਕੀਤਾ ਗਿਆ ਹੈ। ਪਰ ਸੱਤਾ ਤਦੇ ਮਿਲੇਗੀ ਜੇਕਰ ਕਾਂਗਰਸ ਨੂੰ ਗਰੀਬਾਂ ਦੇ ਵੋਟ ਮਿਲਣਗੇ ਅਤੇ ਉਹ ਇਸ ਨਾਹਰੇ ਨੂੰ ਪ੍ਰਵਾਨ ਕਰਨਗੇ। ਦੇਸ਼ ਦੀਆਂ ਬਹੁਤੀਆਂ ਸਿਆਸੀ ਪਾਰਟੀਆਂ ਸਮੇਂ ਸਮੇਂ 'ਤੇ ਦੇਸ਼ ਦੇ ਵੋਟਰਾਂ ਦੀਆਂ ਵੋਟਾਂ ਖਿੱਚਣ ਲਈ ਵੱਡੇ-ਵੱਡੇ ਐਲਾਨ ਚੋਣਾਵੀ ਦੌਰ ਵਿੱਚ ਕਰਦੀਆਂ ਹਨ ਅਤੇ ਫਿਰ ਸਭ ਕੁੱਝ ਭੁੱਲ-ਭੁੱਲਾ ਜਾਂਦੀਆਂ ਹਨ। ਦੇਸ਼ ਦੀ ਜਨਤਾ ਲਈ "ਦਾਨ ਦਾਤਾ" ਬਨਣ ਵਾਲੀਆਂ ਇਹ ਸਿਆਸੀ ਪਾਰਟੀਆਂ ਲੋਕਾਂ ਨੂੰ 'ਚੋਣ ਰਿਸ਼ਵਤ' ਦੇਣ ਵਰਗਾ ਇਹੋ ਜਿਹਾ ਕਾਰਜ ਕਰਕੇ 'ਲੋਕਾਂ ਦੇ ਧਨ' ਨਾਲ ਲੋਕਾਂ ਉਤੇ ਅਹਿਸਾਨ ਕਰਨ ਦਾ ਭਰਮ ਪਾਲਦੀਆਂ ਹਨ। ਪਰ ਅੱਜ ਦੀ ਜਨਤਾ, 1970 ਦੇ ਦਹਾਕੇ ਦੀ ਜਨਤਾ ਨਹੀਂ ਹੈ, ਜੋ 'ਦਾਨ ਦਾਤਾ' ਦੇ ਇਹੋ ਜਿਹੇ ਅਹਿਸਾਨ ਨੂੰ ਮੰਨੇ। ਅਸਲ ਵਿੱਚ ਤਾਂ ਜਨਤਾ ਇਹੋ ਜਿਹੇ ਐਲਾਨਾਂ ਨੂੰ 'ਵੋਟਰਾਂ' ਨਾਮ ਧੋਖਾ ਮੰਨਦੀ ਹੈ।

ਸਿਆਸੀ ਲੋਕ, ਆਮ ਲੋਕਾਂ ਨੂੰ ਭੁੱਖੇ-ਨੰਗੇ ਸਮਝਦੇ ਹਨ। ਉਹਨਾ ਦੀ ਸੋਚ ਬਣ ਚੁੱਕੀ ਹੈ ਕਿ ਉਹ ਜਿਸਨੂੰ ਵੀ ਕੁੱਝ ਦੇ ਦੇਣਗੇ ਉਹ ਖੁਸ਼ ਹੋ ਜਾਣਗੇ। ਸਰਕਾਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ 'ਬਖਸ਼ਦੀ' ਹੈ। ਗਰੀਬਾਂ ਨੂੰ ਨੀਲੇ, ਪੀਲੇ ਕਾਰਡ ਦਿੰਦੀ ਹੈ। ਮੁਫ਼ਤ ਅਨਾਜ਼ ਦੀ ਬਖ਼ਸ਼ਿਸ਼ ਕਰਦੀ ਹੈ। ਪੈਨਸ਼ਨ ਦੇ ਨਾਂ ਉਤੇ ਢਾਈ ਸੌ, ਪੰਜ ਸੌ ਰੁਪਏ ਬਜ਼ੁਰਗਾਂ, ਵਿਧਵਾਵਾਂ ਨੂੰ ਲੋਕ ਭਲਾਈ ਸਕੀਮਾਂ 'ਚ ਮਨਜ਼ੂਰ ਕਰਦੀ ਹੈ। ਗਰੀਬਾਂ ਲਈ ਮੁਫ਼ਤ ਪਲਾਟ, ਕੱਚੇ ਘਰਾਂ ਲਈ ਮਕਾਨ, ਘਰਾਂ 'ਚ ਟਾਇਲਟ ਜਿਹੀਆਂ ਲੋਕ-ਲਭਾਊ ਸਕੀਮਾਂ ਲਾਗੂ ਕਰਕੇ, ਉਹ "ਵੱਡੇ ਸਮਾਜ ਸੇਵਕ", ਲੋਕਾਂ ਦੀ ਹਿਤੂ-ਹਿਤੈਸ਼ੀ ਨੇਤਾ ਬਣਕੇ ਉਹਨਾ ਉਤੇ ਅਹਿਸਾਨ ਕਰਦੀ ਹੈ। ਪਰ ਰੁਜ਼ਗਾਰ ਦੇਕੇ ਉਹਨਾ ਦੇ ਸਵੈ-ਮਾਣ 'ਚ ਵਾਧਾ ਕਰਨ ਲਈ ਕੋਈ ਉਪਰਾਲੇ ਨਹੀਂ ਕਰਦੀ ਕਿਉਂਕਿ ਸਰਕਾਰ ਉਤੇ ਕਾਬਜ਼ ਹਾਕਮ ਨੇਤਾ, "ਲੋਕਾਂ" ਨੂੰ ਆਪਣੇ ਰੋਹਬ ਥੱਲੇ ਰੱਖਕੇ, ਆਪਣੀ ਵੋਟ ਬੈਂਕ ਨੂੰ ਸੁਰੱਖਿਅਤ ਕਰਨਾ ਜਿਵੇਂ ਆਪਣਾ ਹੱਕ ਸਮਝਦੇ ਹਨ।

ਅੱਜ ਗਰੀਬ ਜਨਤਾ ਭਾਵੇਂ ਭੁੱਖੀ ਹੈ, ਉਹਨਾ ਦਾ ਜੀਊਣਾ ਦੁੱਭਰ ਹੋ ਰਿਹਾ ਹੈ, ਪਰ ਉਹਨਾ ਵਿੱਚ ਸਵੈਮਾਣ ਦੀ ਕਮੀ ਨਹੀਂ ਹੈ। ਉਹਨਾ ਵਿੱਚ ਆਕੜ ਹੈ। ਉਹ ਨੇਤਾਵਾਂ ਦੀ ਜੂਠ ਖਾਣ ਜਾਂ ਉਹਨਾ ਦੇ ਉਤਾਰੇ ਕੱਪੜੇ ਪਾਉਣ ਲਈ ਤਿਆਰ ਨਹੀਂ ਹੈ। ਮੋਬਾਇਲ ਅਤੇ ਸੋਸ਼ਲ ਮੀਡੀਆ ਨੇ ਉਸ ਨੂੰ ਕੁੱਝ ਹੱਦ ਤੱਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ। ਲੋਕ ਸਮਝਣ ਲੱਗ ਪਏ ਹਨ ਕਿ ਦੇਸ਼ ਦੇ ਨੇਤਾ "ਚੋਣਾਂ ਦੇ ਮੌਸਮ" ਵਿੱਚ ਖਾਸ ਕਰਕੇ ਉਹਨਾ ਨੂੰ ਗੁੰਮਰਾਹ ਕਰਦੇ ਹਨ। ਇਸੇ ਕਰਕੇ ਉਹਨਾ ਆਪਣੇ ਹੱਕਾਂ ਦੀ ਰਾਖੀ ਤੇ ਪ੍ਰਾਪਤੀ ਲਈ "ਸਾਡਾ ਹੱਕ ਇਥੇ ਰੱਖ" ਦਾ ਨਾਹਰਾ ਬੁਲੰਦ ਕੀਤਾ ਹੈ। ਪਿਛਲੇ ਸਮੇਂ 'ਚ ਦੇਸ਼ ਦੇ ਸਮੇਂ ਦੀ ਹਕੂਮਤ ਵਲੋਂ ਲਿਤਾੜੇ, ਗਰੀਬ ਕਿਸਾਨਾਂ ਦੇ ਨਵੀਂ ਦਿਲੀਂ , ਮੁੰਬਈ 'ਚ ਪੁੱਜੇ ਲੱਖਾਂ ਕਿਸਾਨ ਇਸਦੀ ਉਦਾਹਰਨ ਹਨ।

ਸਿਆਸੀ ਲੋਕ ਨਿੱਤ ਨਵੇਂ ਨਾਹਰੇ, ਲੋਕ ਲੁਭਾਊ ਵਾਇਦੇ ਕਰਦਿਆਂ ਭੁੱਲ ਜਾਂਦੇ ਹਨ ਕਿ ਹੁਣ ਦੇਸ਼ ਦੀ ਗਰੀਬ ਜਨਤਾ 'ਬੇਚਾਰੀ' ਨਹੀਂ ਰਹੀ। ਉਹ ਸਿਆਸੀ ਲੋਕਾਂ ਦੀ ਹਮਦਰਦੀ ਵੀ ਨਹੀਂ ਚਾਹੁੰਦੀ। ਸਿਆਸੀ ਲੋਕਾਂ ਦੀਆ ਬੇਥਵੀਆਂ ਗੱਲਾਂ-ਬਾਤਾਂ, ਉਹਨਾ ਦੇ ਭ੍ਰਿਸ਼ਟਾਚਾਰੀ ਸੁਭਾਅ ਅਤੇ ਕਾਰਿਆਂ ਨੂੰ ਸਮਝਦਿਆਂ, ਸਿਆਸੀ ਨੇਤਾਵਾਂ ਪ੍ਰਤੀ ਲੋਕਾਂ ਦਾ ਵਰਤਾਓ ਅਤੇ ਵਿਹਾਰ ਬਦਲ ਰਿਹਾ ਹੈ। ਹੁਣ ਲੋਕ ਹਰ ਸਿਆਸੀ ਪਾਰਟੀ ਵੱਲ ਸ਼ੱਕੀ ਨਜ਼ਰ ਨਾਲ ਵੇਖਦੇ ਹਨ। ਉਹ ਸਮਝਦੇ ਹਨ ਕਿ ਹਰੇਕ ਰਾਜਨੀਤਕ ਪਾਰਟੀ ਉਹਨਾ ਨਾਲ ਧੋਖਾ ਕਰਦੀ ਹੈ, ਛਲ-ਕਪਟ ਕਰਦੀ ਹੈ। ਫਿਰ ਵੀ ਸਭ ਤੋਂ ਵੱਡੇ ਕਪਟੀ, ਬਨਾਮ ਛਲੀਏ ਦੇ ਵਿਹਕਾਵੇ ਵਿੱਚ ਆ ਜਾਂਦੀ ਰਹੀ ਹੈ। ਭਾਵ ਜਿਹੜਾ ਔਖੀ ਤਰ੍ਹਾਂ ਉਸ ਨਾਲ ਧੋਖਾ ਕਰਦਾ ਹੈ ਅਤੇ ਉਸਨੂੰ ਮਹਿਸੂਸ ਨਹੀਂ ਹੋਣ ਦਿੰਦਾ ਕਿ ਉਹ ਉਸ ਨਾਲ ਧੋਖਾ ਕਰਦਾ ਹੈ। ਜਿਹੜਾ ਜ਼ੋਰ ਨਾਲ ਝਟਕਾ ਦੇਂਦਾ ਹੈ ਪਰ ਮਹਿਸੂਸ ਨਹੀਂ ਹੋਣ ਦਿੰਦਾ। ਮੋਦੀ ਵਲੋਂ ਵੀ ਪੰਜ ਸਾਲ ਲੋਕਾਂ ਨੂੰ ਇਹੋ ਜਿਹੇ ਹੀ ਵੱਡੇ ਝਟਕੇ ਦਿੱਤੇ ਗਏ ਹਨ।

ਪਿਛਲੇ ਦਿਨੀਂ ਬਾਲਾਕੋਟ (ਪਾਕਿਸਤਾਨ) 'ਚ ਸਾਡੀ ਹਵਾਈ ਫੌਜ ਵਲੋਂ ਪੁਲਵਾਮਾ (ਭਾਰਤ) 'ਚ ਮਾਰੇ ਗਏ ਸੁਰੱਖਿਆ ਜਵਾਨਾਂ ਦਾ ਬਦਲਾ ਲੈਣ ਲਈ ਕੀਤੇ ਗਏ ਪਾਕਿਸਤਾਨੀ ਅਤਿਵਾਦੀਆਂ ਵਿਰੁੱਧ ਕਾਰਵਾਈ ਉਪਰੰਤ ਭਾਜਪਾ ਨੇ "ਰਾਸ਼ਟਰਵਾਦੀ" ਹੱਲਾ ਬੋਲਿਆ। ਲੋਕਾਂ ਦੇ ਜਜ਼ਬਿਆਂ ਨੂੰ ਇੱਕ ਵੱਖਰੇ ਰੰਗ 'ਚ ਰੰਗ ਦਿੱਤਾ। ਪਾਕਿਸਤਾਨ ਨਾਲ ਯੁੱਧ ਦਾ ਮਾਹੌਲ ਸਿਰਜ ਦਿੱਤਾ। ਲੋਕ 'ਦੇਸ਼ ਭਗਤੀ' ਦੇ ਰੰਗ 'ਚ ਰੰਗ ਦਿੱਤੇ ਗਏ। ਦੇਸ਼ ਦਾ ਮੀਡੀਆ ਹੂੰਬ-ਹੂਬ ਕੇ ਆਪਣੀ ਫੌਜ ਦੇ ਗੁਣ ਗਾਉਣ ਲੱਗਾ ਅਤੇ ਨਾਲ ਹੀ ਸਰਕਾਰ ਦੇ ਵੱਡੇ ਰੁਤਬੇ ਤੇ ਬੈਠੇ ਮੋਦੀ ਦੀ 56 ਇੰਚ ਛਾਤੀ ਦੀਆ ਗੱਲਾਂ ਕਰਨ ਲੱਗਾ। ਅਸਲ ਵਿੱਚ ਲੋਕ ਜਜ਼ਬਿਆਂ 'ਚ ਵਹਿ ਕੇ ਇਹ ਗੱਲ ਭੁੱਲ ਗਏ ਕਿ ਇਹ ਰਾਸ਼ਟਰਵਾਦ ਦਾ ਨਾਹਰਾ ਅਚਾਨਕ ਨਹੀਂ ਐਲਾਨਿਆ ਗਿਆ। ਸਗੋਂ ਆਰ.ਐਸ.ਐਸ. ਦੀ ਪੁਰਾਣੀ ਅਤੇ ਸਥਾਈ ਯੋਜਨਾ ਹੈ ਅਤੇ ਪਿਛਲੇ ਪੰਜ ਸਾਲਾਂ ਤੋਂ ਹਾਕਮ ਧਿਰ ਅਤੇ ਹਿੰਦੂ ਸੰਗਠਨਾਂ ਵਲੋਂ ਇਸ ਨੂੰ ਚਲਾਇਆ ਜਾ ਰਿਹਾ ਹੈ। ਗਊ-ਹੱਤਿਆ, ਅਯੁੱਧਿਆ ਮੰਦਰ ਦੀ ਉਸਾਰੀ, ਲੋਕ ਕੀ ਖਾਣ, ਕੀ ਪਹਿਨਣ, ਕਿਵੇਂ ਰਹਿਣ, ਕਿਵੇਂ ਸੋਚਣ, ਕਿਹੋ ਜਿਹੇ ਵਿਚਾਰ ਰੱਖਣ, ਇਸੇ ਕੜੀ ਤਹਿਤ ਚਲਾਏ ਜਾ ਰਹੇ ਕੱਟੜਵਾਦੀ ਅੰਦੋਲਨ ਹਨ। ਭਾਜਪਾ ਰਾਸ਼ਟਰਵਾਦ ਅਤੇ ਵਿਕਾਸ ਦੀ ਗੱਲ ਲਗਾਤਾਰ ਕਰਦੀ ਹੈ ਪਰ ਇਸ ਤੋਂ ਵੀ ਅੱਗੇ ਉਹ ਇਹ ਗੱਲ ਕਹਿਣ ਤੋਂ ਵੀ ਨਹੀਂ ਝਿਜਕਦੀ ਕਿ ਰਾਸ਼ਟਰ ਨੂੰ ਖਤਰਾ ਹੈ। ਰਾਸ਼ਟਰ ਨੂੰ ਸੁਰੱਖਿਆ ਚਾਹੀਦੀ ਹੈ। ਉਸ ਲਈ ਇੱਕ ਮਜ਼ਬੂਤ ਸਰਕਾਰ ਚਾਹੀਦੀ ਹੈ। ਮਜ਼ਬੂਤ ਸਰਕਾਰ ਲਈ ਮਜ਼ਬੂਤ ਨੇਤਾ ਚਾਹੀਦਾ ਹੈ। ਭਾਜਪਾ ਵਲੋਂ ਕਿਹਾ ਜਾ ਰਿਹਾ ਹੈ ਕਿ ਇਹ ਪਾਰਟੀ, ਜਿਸਨੂੰ ਕਿ ਉਹ ਦੁਨੀਆਂ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਗਿਣਦੇ ਹਨ, ਭਾਜਪਾ ਹੀ ਹੋ ਸਕਦੀ ਹੈ ਅਤੇ ਮਜ਼ਬੂਤ ਆਗੂ ਨਰੇਂਦਰ ਮੋਦੀ ਹੀ ਹੋ ਸਕਦਾ ਹੈ। ਉਹਨਾ ਦਾ ਤਾਂ ਕਹਿਣ ਹੈ ਕਿ ਜੇਕਰ ਮਜ਼ਬੂਤ ਨੇਤਾ ਹੋਵੇਗਾ, ਤਾਂ ਮਜ਼ਬੂਤ ਸਰਕਾਰ ਹੋਵੇਗੀ ਅਤੇ ਫੈਸਲੇ ਜਲਦੀ ਹੋਣਗੇ। ਦੇਸ਼ ਦਾ ਵਿਕਾਸ ਵੀ ਜਲਦੀ ਹੋਵੇਗਾ। ਉਹ ਇਹ ਕਹਿੰਦੇ ਵੀ ਨਹੀਂ ਥੱਕਦੇ ਕਿ ਗੁਆਂਢੀਆਂ ਤੋਂ ਦੇਸ਼ ਸੁਰੱਖਿਅਤ ਨਹੀਂ ਹੈ। ਦੇਸ਼ ਨੂੰ ਸੁਰੱਖਿਆ ਚਾਹੀਦੀ ਹੈ ਅਤੇ ਇਹ ਸੁਰੱਖਿਆ ਮੋਦੀ ਹੀ ਦੇ ਸਕਦੇ ਹਨ। ਇਹ ਤਰਕ ਭਾਜਪਾ ਪਿਛਲੇ ਪੰਜ ਸਾਲਾਂ ਤੋਂ ਦੇ ਰਹੀ ਹੈ। ਮਜ਼ਬੂਤ ਨੇਤਾ, ਮਜ਼ਬੂਤ ਰਾਸ਼ਟਰ ਅਤੇ ਮਜ਼ਬੂਤ ਰਾਸ਼ਟਰਵਾਦ। ਪਰ ਦੇਸ਼ ਦੇ ਲੋਕ ਭਾਜਪਾ ਦੇ ਰਾਸ਼ਟਰਵਾਦ ਨੂੰ ਦੂਜੇ ਧਰਮਾਂ, ਜਾਤਾਂ, ਲਿੰਗ ਉਤੇ ਵੱਡਾ ਹਮਲਾ ਸਮਝਦੇ ਹਨ ਅਤੇ ਕਹਿੰਦੇ ਹਨ ਕਿ ਭਾਜਪਾ ਅਤੇ ਆਰ.ਐਸ.ਐਸ.ਹਿੰਦੀ, ਹਿੰਦੂ, ਹਿੰਦੋਸਤਾਨ ਦੀ ਮੁਦੱਈ ਹੈ ਜੋ ਦੇਸ਼ ਦੇ ਸੰਵਿਧਾਨ ਅਤੇ ਦੇਸ਼ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ।

ਆਉਣ ਵਾਲੇ ਦਿਨਾਂ ਵਿੱਚ ਦੇਸ਼ ਵਿੱਚ ਚੋਣ ਪ੍ਰਚਾਰ ਮੱਘੇਗਾ। ਇੱਕ ਪਾਸੇ ਮੋਦੀ ਦੀ ਭਾਜਪਾ ਅਤੇ ਉਸ ਨਾਲ ਦੇਸ਼ ਦੀਆਂ ਛੋਟੀਆਂ-ਛੋਟੀਆਂ 40 ਸਿਆਸੀ ਪਾਰਟੀਆਂ ਹਨ ਅਤੇ ਦੂਜੇ ਪਾਸੇ 21 ਸਿਆਸੀ ਪਾਰਟੀ ਸਮੇਤ ਕਾਂਗਰਸ, ਜਿਹਨਾਂ ਵਿਚੋਂ ਕੁਝ ਇੱਕ ਖੇਤਰੀ ਪਾਰਟੀਆਂ ਹਨ ਅਤੇ ਕੁਝ ਕੌਮੀ, ਜਿਹੜੀਆਂ ਸੂਬਿਆਂ 'ਚ ਮਹਾਂਗਠਬੰਧਨ ਬਣਾਕੇ ਮੌਕੇ ਦੇ ਹਾਕਮਾਂ ਨਾਲ ਲੜਨ ਲਈ ਲੋਕਾਂ 'ਚ ਆਪੋ-ਆਪਣੇ ਚੋਣ ਮੈਨੀਫੈਸਟੋ ਲੈ ਕੇ ਆ ਰਹੀਆਂ ਹਨ। ਇਸ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਚੋਣ ਪ੍ਰਚਾਰ ਵਿੱਚ ਲੋਕਾਂ ਦੇ ਮੁੱਦੇ, ਜਿਨ੍ਹਾਂ ਵਿੱਚ ਬੇਰੁਜ਼ਗਾਰੀ, ਭੁੱਖਮਰੀ, ਕਿਸਾਨ ਮਸਲੇ, ਗੰਦਲਾ ਵਾਤਾਵਰਨ, ਸਿਹਤ, ਸਿੱਖਿਆ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਮੁਕਤ ਭਾਰਤ ਆਦਿ ਗਾਇਬ ਹੈ।

ਦੇਸ਼ ਦੇ ਲੋਕਾਂ ਨੂੰ ਭਾਜਪਾ ਰਾਸ਼ਟਰਵਾਦ ਤੇ ਆਤੰਕਵਾਦ ਦੇ ਨਾਮ ਉਤੇ ਜਜ਼ਬਾਤੀ ਬਣਾ ਰਹੀ ਹੈ ਅਤੇ ਕੁਝ ਖੈਰਾਤ ਦੇਕੇ ਉਹਨਾ ਨੂੰ ਪਰਚਾ ਰਹੀ ਹੈ। ਕਾਂਗਰਸ 5 ਕਰੋੜ ਗਰੀਬ ਪਰਿਵਾਰਾਂ ਦੀ ਘੱਟੋ-ਘੱਟ ਆਮਦਨ ਦਾ ਵਿਸ਼ੇਸ਼ ਨਾਹਰਾ ਦੇਕੇ 'ਮੋਦੀ ਦੇ ਏਜੰਡੇ' ਦਾ ਟਾਕਰਾ ਕਰਨ ਲਈ ਮੈਦਾਨ ਵਿੱਚ ਹੈ। ਅਉਣ ਵਾਲੇ ਦਿਨਾਂ ਵਿੱਚ ਰਾਸ਼ਟਰਵਾਦ ਦਾ ਮੁੱਦਾ ਭਾਰੂ ਰਹੇਗਾ ਜਾਂ ਘੱਟੋ-ਘੱਟ ਆਮਦਨ ਦਾ, ਜਿਹੜਾ ਇੱਕ ਪਾਸੇ ਲੋਕ ਭਾਵਨਾ ਅਤੇ ਜਜ਼ਬਾਤ ਨਾਲ ਜੁੜਿਆ ਹੈ ਅਤੇ ਦੂਜਾ ਲੋਕਾਂ ਦੀ ਰੋਟੀ-ਰੋਜ਼ੀ ਨਾਲ, ਇਹ ਤਾਂ ਚੋਣ ਨਤੀਜੇ ਦਸਣਗੇ?

# ਬਾਸੜੀਆਂ ਮੇਲੇ ਅਤੇ ਐਡਵਰਡ ਜੈਨਰ



ਪ੍ਰੇਮਲਤਾ (ਪ੍ਰਿੰਸੀਪਲ)
91-98143-41746

ਬਾਸੜੀਆਂ ਨਾਂ ਦੇ ਮੇਲੇ ਪੰਜਾਬ ਅਤੇ ਪੂਰੇ ਹਰਿਆਣੇ ਵਿੱਚ ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਲੱਗਦੇ ਹਨ। ਇਨ੍ਹਾਂ ਮੇਲਿਆਂ ਵਿੱਚ ਮੁੱਖ ਰਸਮ ਸ਼ੀਤਲਾ ਮਾਤਾ ਨੂੰ ਗੁਲਗਲੇ ਅਤੇ ਮਿੱਠੀਆਂ ਮੱਠੀਆਂ (ਪੂਰੀਆਂ) ਨਾਲ ਮੱਥਾ ਟੇਕਣਾ ਹੁੰਦਾ ਹੈ। ਇਨ੍ਹਾਂ ਮੇਲਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਣ ਤੋਂ ਪਹਿਲਾਂ ਐਡਵਰਡ ਜੈਨਰ ਬਾਰੇ ਦੱਸਣਾ ਜਰੂਰੀ ਹੈ।

ਐਡਵਰਡ ਜੈਨਰ ਦੁਨੀਆਂ ਦੇ ਮਹਾਨ ਵਿਗਿਆਨੀ ਹੋਏ ਹਨ, ਜਿਨ੍ਹਾਂ ਨੇ ਚੇਚਕ ਦੇ ਟੀਕੇ ਦੀ ਖੋਜ ਕੀਤੀ ਸੀ, ਜਿਸਨੂੰ ਵੈਕਸੀਨੇਸ਼ਨ ਭਾਵ ਰੋਗ ਤੋਂ ਬਚਣ ਲਈ ਅਗਾਊਂ ਟੀਕਾਕਰਨ ਵਿਧੀ ਕਿਹਾ ਜਾਂਦਾ ਹੈ। ਇਸ ਖੋਜ ਪਿੱਛੇ ਇੱਕ ਰੋਚਕ ਕਹਾਣੀ ਹੈ। ਐਡਵਰਡ ਜੈਨਰ ਇੱਕ ਅੰਗਰੇਜ਼ ਡਾਕਟਰ ਸਨ। ਉਨ੍ਹਾਂ ਨੂੰ ਚੇਚਕ ਦੇ ਇਲਾਜ਼ ਲਈ ਦਵਾਈ ਦੀ ਖੋਜ ਕਰਨ ਦੀ ਬੜੀ ਲਗਨ ਸੀ। ਉਹ ਪਿੰਡ 'ਚ ਰਹਿ ਕੇ ਹੀ ਲੋਕਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਪਾਸ ਚੇਚਕ ਦਾ ਕੋਈ ਇਲਾਜ ਨਾ ਹੋਣਾ ਉਸ ਲਈ ਉਹ ਦੁਖੀ ਅਤੇ ਚਿੰਤਾ ਪੂਰਨ ਰਹਿੰਦੇ ਸਨ।

ਇੱਕ ਦਿਨ ਡਾ. ਜੈਨਰ ਨੇ ਇੱਕ ਗਵਾਲਨ ਤੋਂ ਬੜੀ ਰੋਚਕ ਗੱਲ ਸੁਣੀ। ਗਵਾਲਨ ਨੇ ਕਿਹਾ ਕਿ ਜਿਸ ਨੂੰ ਗਊ ਚੇਚਕ ਨਿਕਲ ਆਉਂਦੀ, ਉਸਨੂੰ ਵੱਡੀ ਚੇਚਕ ਨਹੀਂ ਨਿਕਲਦੀ। ਗਊ ਚੇਚਕ (ਛੋਟੀ ਮਾਤਾ) ਵੀ ਚੇਚਕ ਵਰਗਾ ਰੋਗ ਹੈ ਪਰ ਭਿਆਨਕ ਨਹੀਂ ਹੈ। ਇਸ ਨਾਲ ਕੋਈ ਮੌਤ ਨਹੀਂ ਹੁੰਦੀ। ਇਹ ਰੋਗ ਗਾਵਾਂ, ਭੇਡਾਂ, ਬੱਕਰੀਆਂ ਅਤੇ ਮੁਰਗਿਆਂ ਨੂੰ ਆਮ ਹੋ ਜਾਂਦਾ ਹੈ।

ਇੱਕ ਦਿਨ ਉਨ੍ਹਾਂ ਦੇ ਪਾਸ ਗਊ ਚੇਚਕ ਦਾ ਇੱਕ ਰੋਗੀ ਆਇਆ। ਡਾ. ਜੈਨਰ ਨੇ ਰੋਗੀ ਦੇ ਸਰੀਰ ਉੱਪਰ ਨਿਕਲੇ ਦਾਣਿਆਂ 'ਚੋਂ ਥੋੜ੍ਹਾ ਜਿਹਾ ਪਾਣੀ ਕੱਢਿਆ ਅਤੇ ਇੱਕ ਲੜਕੇ ਦੀ ਬਾਂਹ ਵਿੱਚ ਚੜ੍ਹਾ ਦਿੱਤਾ। ਇਸ ਨਾਲ ਉਸ ਲੜਕੇ ਨੂੰ ਵੀ ਗਊ ਚੇਚਕ ਹੋ ਗਈ। ਕੁਝ ਦਿਨਾਂ ਬਾਅਦ ਉਹ ਲੜਕਾ ਪੂਰੀ ਤਰ੍ਹਾਂ ਠੀਕ ਹੋ ਗਿਆ।

ਹੁਣ ਡਾ. ਜੈਨਰ ਇਹ ਜਾਂਚ ਕਰਨਾ ਚਾਹੁੰਦੇ ਸਨ ਕਿ ਉਸ ਲੜਕੇ ਨੂੰ ਵੱਡੀ ਚੇਚਕ ਨਿਕਲੇਗੀ ਜਾਂ ਨਹੀਂ। ਕੁਝ ਦਿਨਾਂ ਬਾਅਦ ਉਨ੍ਹਾਂ ਨੇ ਇੱਕ ਵੱਡੀ ਚੇਚਕ ਦੇ ਰੋਗੀ ਦੇ ਦਾਣਿਆਂ 'ਚੋਂ ਪਾਣੀ ਕੱਢਿਆ ਅਤੇ ਉਸ ਲੜਕੇ ਦੀ ਬਾਂਹ ਵਿੱਚ ਚੜ੍ਹਾ ਦਿੱਤਾ, ਜਿਸਨੂੰ ਪਹਿਲਾਂ ਗਊ ਚੇਚਕ ਦਾ ਪਾਣੀ ਚੜ੍ਹਾਇਆ ਸੀ। ਡਾ. ਜੈਨਰ ਬਹੁਤ ਦਿਨਾਂ ਤੱਕ ਇਹ ਦੇਖਦੇ ਰਹੇ ਕਿ ਉਸ ਲੜਕੇ ਨੂੰ ਵੱਡੀ ਚੇਚਕ ਹੁੰਦੀ ਹੈ ਜਾਂ ਨਹੀਂ। ਜਦੋਂ ਬਹੁਤ ਦਿਨ ਲੰਘ ਗਏ ਅਤੇ ਲੜਕੇ ਨੂੰ ਚੇਚਕ ਨਹੀਂ ਹੋਈ, ਡਾ. ਜੈਨਰ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ। ਉਨ੍ਹਾਂ ਨੇ ਨਤੀਜਾ ਕੱਢਿਆ ਕਿ ਗਊ ਚੇਚਕ ਦਾ ਪਾਣੀ ਚੜ੍ਹਾਉਣ ਨਾਲ ਵੈਕਸੀਨੇਸ਼ਨ (ਅਗਾਊਂ ਟੀਕਾਕਰਨ) ਹੋ ਜਾਂਦਾ ਹੈ। ਫਿਰ ਡਾ. ਜੈਨਰ ਨੇ ਇਸ ਖੋਜ ਨੂੰ ਅੱਗੇ ਵਧਾਉਂਦੇ ਹੋਏ ਇਹ ਪਤਾ ਲਗਾਇਆ, ਜੇਕਰ ਗਊ ਚੇਚਕ ਵਾਲੇ 14 ਦਿਨ ਪੁਰਾਣੇ ਰੋਗੀ ਦੇ ਦਾਣਿਆਂ ਤੋਂ ਕੱਢਿਆ ਪਾਣੀ ਇੱਕ ਬਿਲਕੁਲ ਤੰਦਰੁਸਤ ਬੱਚੇ ਨੂੰ ਚੜ੍ਹਾ ਦਿੱਤਾ ਜਾਵੇ ਤਾਂ ਉਸਨੂੰ ਗਊ ਚੇਚਕ ਵੀ ਨਹੀਂ ਹੁੰਦਾ ਅਤੇ ਚੇਚਕ ਵੀ ਨਹੀਂ ਹੁੰਦਾ। ਇਸ ਵਿਧੀ ਨੂੰ ਉਨ੍ਹਾਂ ਨੇ ਵੈਕਸੀਨੇਸ਼ਨ ਦਾ ਨਾਂ ਦਿੱਤਾ।

ਬਾਸੜੀਆਂ ਅਤੇ ਐਡਵਰਡ ਜੈਨਰ ਦੀ ਖੋਜ ਵਿੱਚ ਬੜਾ ਰੋਚਕ ਸਬੰਧ ਹੈ, ਇਸ ਲਈ ਬਾਸੜੀਆਂ ਮੇਲੇ ਦੀਆਂ ਸਾਰੀਆਂ ਰਸਮਾਂ ਨੂੰ ਜਾਣਨਾ ਹੋਵੇਗਾ।

ਬਾਸੜੀਆਂ ਮੇਲਾ ਮਾਰਚ ਮਹੀਨੇ 'ਚ ਮਿੱਥੇ ਦਿਨਾਂ ਉੱਪਰ ਰਾਤ 12 ਵਜੇ ਤੋਂ ਬਾਅਦ ਜਦੋਂ ਨਵਾਂ ਦਿਨ ਚੜ੍ਹਦਾ ਹੈ, ਸ਼ੁਰੂ ਹੋ ਜਾਂਦਾ ਹੈ। ਇਹ ਮੇਲਾ ਸ਼ੀਤਲਾ ਮਾਤਾ ਨੂੰ ਸਮਰਪਿਤ ਹੁੰਦਾ ਹੈ। ਸ਼ੀਤਲਾ ਮਾਤਾ ਦਾ ਵਾਹਨ ਗਧਾ ਹੈ। ਸ਼ੀਤਲਾ ਮਾਤਾ ਨੂੰ ਚੇਚਕ ਤੋਂ ਬਚਣ ਲਈ ਪੂਜਿਆ ਜਾਂਦਾ ਹੈ। ਇਸੇ ਕਰਕੇ ਚੇਚਕ ਨੂੰ ਆਮ ਭਾਸ਼ਾ ਵਿੱਚ ਮਾਤਾ ਵੀ ਕਿਹਾ ਜਾਂਦਾ ਹੈ।

ਸ਼ੀਤਲਾ ਮਾਤਾ ਦੇ ਛੋਟੇ-ਛੋਟੇ ਸਧਾਰਨ ਮੰਦਰ, ਜਿਸ ਵਿੱਚ ਕੋਈ ਕਾਰੀਗਰੀ ਨਹੀਂ ਹੁੰਦੀ, ਬਣੇ ਹੁੰਦੇ ਹਨ। ਮੰਦਰਾਂ ਦੇ ਇਰਦ-ਗਿਰਦ ਕੋਈ ਚਾਰਦੀਵਾਰੀ ਨਹੀਂ ਬਣੀ ਹੁੰਦੀ। ਮੇਲੇ ਵਾਲੀ ਥਾਂ ਇਨ੍ਹਾਂ ਇੱਟਾਂ ਦੇ ਬਣੇ ਹੋਏ ਸਧਾਰਨ ਮੰਦਰਾਂ ਦੇ ਇਰਦ-ਗਿਰਦ ਹੁੰਦੀ ਹੈ, ਜੋ ਪਿੰਡ ਅਤੇ ਸ਼ਹਿਰ ਤੋਂ ਬਾਹਰ ਹੁੰਦੀ ਹੈ। ਮੇਲੇ ਵਾਲੇ ਦਿਨ ਭੇਡਾਂ-ਬੱਕਰੀਆਂ ਵਾਲੇ ਆਪਣੇ ਪਸ਼ੂਆਂ ਨੂੰ ਮੇਲੇ ਵਾਲੀ ਥਾਂ ਉੱਪਰ ਲੈ ਕੇ ਜਾਂਦੇ ਹਨ। ਉਹ ਆਪਣੇ ਪਸ਼ੂਆਂ ਸਮੇਤ ਚੌਂਕੀ ਭਰਦੇ ਹਨ। ਭੇਡਾਂ ਵਾਲੇ ਆਪਣੇ ਪਸ਼ੂਆਂ ਨੂੰ ਇਸ ਵਿਸ਼ਵਾਸ ਨਾਲ ਲੈ ਕੇ ਜਾਂਦੇ ਹਨ ਕਿ ਉਨ੍ਹਾਂ ਨੂੰ ਚੇਚਕ ਤੋਂ ਬਚਾਇਆ ਜਾ ਸਕੇ। ਜਿਹੜੇ ਲੋਕਾਂ ਦੇ ਛੋਟੇ ਬੱਚੇ ਹੁੰਦੇ ਹਨ, ਉਹ ਬੱਚਿਆਂ ਨੂੰ ਨਾਲ ਲੈ ਕੇ ਮੇਲੇ ਵਾਲੀ ਥਾਂ ਉੱਪਰ ਚੌਂਕੀ ਭਰਦੇ ਹਨ। ਛੋਟੇ ਬੱਚਿਆਂ ਨੂੰ ਭੇਡਾਂ ਦੇ ਝੁੰਡ ਦਰਮਿਆਨ ਰੱਖਦੇ ਹਨ। ਬੱਚਿਆਂ ਨੂੰ ਭੇਡਾਂ ਨਾਲ ਘਿਸਰਾਉਂਦੇ ਹਨ। ਮੇਲੇ ਵਿੱਚ ਇੱਕ ਖਾਸ ਰਸਮ ਹੁੰਦੀ ਹੈ, ਜਿਆ ਜੀ, ਜਿਸ ਵਿੱਚ ਬੱਚੇ ਦੇ ਸਰੀਰ ਨਾਲ ਕੋਈ ਜੀਵ (ਪਸ਼ੂ ਜਾਂ ਮੁਰਗਾ) ਘਸਾਇਆ ਜਾਂਦਾ ਹੈ। ਜਦੋਂ ਇਹ ਰਸਮਾਂ ਨਿਭਾਈਆਂ ਜਾਂਦੀਆਂ ਹਨ ਤਾਂ ਇੱਕੋ ਵਿਸ਼ਵਾਸ਼ ਹੁੰਦਾ ਹੈ ਕਿ ਇਸ ਰਸਮ ਨਾਲ ਬੱਚਿਆਂ ਨੂੰ ਚੇਚਕ ਦੇ ਪ੍ਰਕੋਪ ਤੋਂ ਬਚਾਇਆ ਜਾ ਸਕੇਗਾ। ਗਊ ਚੇਚਕ ਦੇ ਵਿਸ਼ਾਣੂ ਛੂਆ-ਛੂਤ ਰਾਹੀਂ ਇੱਕ ਤੋਂ ਦੂਸਰੇ ਜੀਵ ਵਿੱਚ ਪਹੁੰਚ ਜਾਂਦੇ ਹਨ।

ਜਦੋਂ ਵੈਕਸੀਨੇਸ਼ਨ ਦੀ ਖੋਜ ਨਹੀਂ ਸੀ ਤਾਂ ਪ੍ਰਾਚੀਨ ਭਾਰਤ ਵਾਸੀ ਇਸ ਗੱਲ ਤੋਂ ਜਾਣੂ ਸਨ ਕਿ ਬੱਚਿਆਂ ਨੂੰ ਪਸ਼ੂਆਂ ਦੇ ਸੰਗ ਰੱਖਣ ਨਾਲ ਵੈਕਸੀਨੇਸ਼ਨ ਹੁੰਦੀ ਹੈ, ਜਿਸ ਨਾਲ ਚੇਚਕ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। ਕਿਉਂਕਿ ਇਹ ਮੇਲੇ ਮਾਰਚ ਦੇ ਮਹੀਨੇ ਵਿੱਚ ਆਉਂਦੇ ਹਨ, ਇਹ ਮਹੀਨਾ ਵਾਇਰਸ ਦੇ ਪੈਦਾ ਹੋਣ ਲਈ ਤਾਪਮਾਨ ਦੇ ਤੌਰ 'ਤੇ ਢੁੱਕਵਾਂ ਹੁੰਦਾ ਹੈ, ਇਸ ਲਈ ਕੁਦਰਤੀ ਵੈਕਸੀਨੇਸ਼ਨ ਅਸਾਨੀ ਨਾਲ ਹੋ ਜਾਂਦੀ ਹੈ। ਬਾਸੜੀਆਂ ਅਤੇ ਐਡਵਰਡ ਜੈਨਰ ਦਾ ਸਾਂਝਾ ਸਿਰਲੇਖ ਬਿਲਕੁਲ ਸਾਰਥਕ ਹੈ।

## ਸਾਂਝਾ ਵਿਰਸਾ ਰੇਡੀਓ ਕੈਨੇਡਾ ਦੇ ਹਰਜੀਤ ਸਿੰਘ ਜੰਜੂਆ ਵਿਆਹ ਦੀ 14ਵੀਂ ਵਰ੍ਹੇ ਗੰਢ 'ਤੇ ਮੁਬਾਰਕਬਾਦ



**ਪਟਿਆਲਾ-** ਪੰਜਾਬ ਦੇ ਸ਼ਹਿਰ ਅਮਲੋਹ ਦੇ ਕੈਨੇਡਾ ਵਸਦੇ ਅਤੇ ਉੱਥੋਂ "ਸਾਂਝਾ ਵਿਰਸਾ ਰੇਡੀਓ" ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦੱਈ ਹਰਜੀਤ ਸਿੰਘ ਜੰਜੂਆ ਅਤੇ ਉਹਨਾਂ ਦੀ ਹਮਸਾਥਣ ਪ੍ਰਭਜੀਤ ਕੌਰ ਨੂੰ ਉਹਨਾਂ ਦੇ ਵਿਆਹ ਦੀ 14ਵੀਂ ਵਰ੍ਹੇ ਗੰਢ 'ਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਅਤੇ ਬਾਲ ਸਾਹਿਤ ਸਟੇਟ ਅਵਾਰਡੀ ਡਾ.ਦਰਸ਼ਨ ਸਿੰਘ ਆਸ਼ਟ,ਗੀਤਕਾਰ ਅਤੇ ਲੇਖਕ ਸਤਨਾਮ ਸਿੰਘ ਮੱਟੂ (ਇੰਜੀ.),ਦੇਸ਼ ਦੁਆਬਾ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਕਰਤਾਰ ਸਿੰਘ ਕੈਲੇਫੋਰਨੀਆ (ਅਮਰੀਕਾ), ਪੰਜਾਬੀ ਸਾਹਿਤ ਸੱਭਿਆਚਾਰਕ ਮੰਚ ਦੇ ਪ੍ਰਧਾਨ ਡਾ.ਕੰਵਰ ਜਸਮਿੰਦਰਪਾਲ ਸਿੰਘ, ਗਾਇਕਾ ਸੁੱਖੀ ਬਰਾੜ, ਲੋਕ ਗਾਇਕ ਅਤੇ ਗੀਤਕਾਰ ਹਾਕਮ ਬਖਤੜੀ ਵਾਲਾ, ਸੰਗੀਤਕਾਰ ਤੋਚੀ ਬਾਈ, ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਕਾਕੜਾ, ਤ੍ਰਿਵੈਣੀ ਸਾਹਿਤ ਪ੍ਰੀਸ਼ਦ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਸਮੇਤ ਅਨੇਕਾਂ ਹਸਤੀਆਂ ਨੇ ਸ਼ੁਭਕਾਮਨਾਵਾਂ ਦੇਕੇ ਉਹਨਾਂ ਦੇ ਭਵਿੱਖ ਦੀ ਸੁਖਮਈ ਅਤੇ ਖੁਸ਼ਹਾਲ ਜ਼ਿੰਦਗੀ ਲਈ ਦੁਆ ਕੀਤੀ ਹੈ। **ਸਤਨਾਮ ਸਿੰਘ ਮੱਟੂ (9779708257)**

# ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

**(ਪਿਛਲੇ ਅੰਕ ਦੀ ਬਾਕੀ)**

ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਾਰੇ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰ ਉਪਭੋਗ ਖ਼ਰਚ ਦੇ ਇੱਕ ਘੱਟ ਤੋਂ ਘੱਟ ਪੱਧਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਵੱਖ ਵੱਖ ਸੋਮਿਆਂ ਤੋਂ ਕਰਜ਼ਾ ਲੈਂਦੇ ਹਨ। ਮਾਲਵਾ ਵਿਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿਚ ਪਰਿਵਾਰਿਕ ਉਪਭੋਗ ਖ਼ਰਚ ਦੀ ਵੰਡ ਦਾ ਗਿੰਨੀ ਗੁਣਾਂਕ ਸਭ ਤੋਂ ਜ਼ਿਆਦਾ 0.1941 ਹੈ, ਜਦੋਂ ਕਿ ਮਾਝਾ ਅਤੇ ਦੋਆਬਾ ਵਿਚ ਇਹ ਕ੍ਰਮਵਾਰ 0.1635 ਅਤੇ 0.1504 ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿਚ ਦੂਜੇ ਖੇਤਰਾਂ ਦੇ ਮੁਕਾਬਲਤਨ ਵਧੇਰੇ ਅਸਮਾਨਤਾਵਾਂ ਹਨ। ਇਸ ਤੋਂ ਇਲਾਵਾ ਤਿੰਨਾਂ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿਚ ਪਰਿਵਾਰਿਕ ਉਪਭੋਗ ਖ਼ਰਚ ਦੀ ਵੰਡ ਦੀ ਤੁਲਨਾ ਵਿਚ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਵਿਚ ਵਧੇਰੇ ਅਸਮਾਨਤਾਵਾਂ ਪਾਈਆਂ ਗਈਆਂ ਹਨ। ਮਾਲਵਾ, ਮਾਝਾ, ਅਤੇ ਦੋਆਬਾ ਵਿਚ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਦਾ ਗਿੰਨੀ ਗੁਣਾਂਕ ਕ੍ਰਮਵਾਰ 0.2212, 0.2170 ਅਤੇ 0.2162 ਹੈ। ਇਸ ਤੋਂ ਸਪਸ਼ਟ ਹੈ ਕਿ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਵਿਚ ਵੀ ਵਧੇਰੇ ਅਸਮਾਨਤਾਵਾਂ ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿਚ ਹੀ ਹਨ।

ਭਾਵੇਂ ਪੰਜਾਬ ਇੱਕ ਖੁਸ਼ਹਾਲ ਸੂਬਾ ਹੈ, ਪਰ ਬਹੁਤ ਸਾਰੇ ਪੇਂਡੂ ਔਰਤ ਮਜ਼ਦੂਰ ਪਰਿਵਾਰ ਗ਼ਰੀਬੀ ਵਿਚ ਰਹਿ ਰਹੇ ਹਨ। ਮਾਹਰ ਗਰੁੱਪ ਮਾਪਦੰਡ ਅਨੁਸਾਰ ਕੁੱਲ 4734 ਪਰਿਵਾਰਿਕ ਜੀਆਂ ਵਿੱਚੋਂ 92.40 ਪ੍ਰਤਿਸ਼ਤ ਜੀਅ ਆਮਦਨ ਉੱਤੇ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤੇਂਦੂਲਕਰ ਮਾਪਦੰਡ ਅਨੁਸਾਰ ਕੁੱਲ ਪਰਿਵਾਰਿਕ ਜੀਆਂ ਵਿੱਚੋਂ 57.48 ਪ੍ਰਤਿਸ਼ਤ ਜੀਅ ਆਮਦਨ ਉੱਤੇ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਮਾਪਦੰਡ ਅਨੁਸਾਰ ਪੇਂਡੂ ਔਰਤ ਮਜ਼ਦੂਰਾਂ ਦੇ 72.54 ਪ੍ਰਤਿਸ਼ਤ ਜੀਅ ਆਮਦਨ ਉੱਤੇ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਜੇਕਰ ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਪ੍ਰਤਿਸ਼ਤ ਮਾਪਦੰਡ ਦੀ ਗੱਲ ਕਰੀਏ ਤਾਂ ਪੇਂਡੂ ਔਰਤ ਮਜ਼ਦੂਰਾਂ ਦੇ ਸਾਰੇ ਪਰਿਵਾਰਿਕ ਜੀਅ ਆਮਦਨ ਉੱਤੇ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ 40 ਪ੍ਰਤਿਸ਼ਤ ਆਮਦਨ ਮਾਪਦੰਡ ਦੇ ਆਧਾਰ ਉੱਤੇ 99.70 ਪ੍ਰਤਿਸ਼ਤ ਪਰਿਵਾਰਿਕ ਜੀਅ ਇਸ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਵਿਸ਼ਵ ਬੈਂਕ ਦੁਆਰਾ ਦਿੱਤੇ ਗਏ ਘੋਰ ਅਤੇ ਸਾਧਾਰਨ ਗ਼ਰੀਬੀ ਮਾਪਦੰਡਾਂ ਅਨੁਸਾਰ ਪੇਂਡੂ ਔਰਤ ਮਜ਼ਦੂਰਾਂ ਦੇ ਕ੍ਰਮਵਾਰ 33.48 ਅਤੇ 75.81 ਪ੍ਰਤਿਸ਼ਤ ਪਰਿਵਾਰਿਕ ਜੀਅ ਆਮਦਨ ਉੱਤੇ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਦੂਜੇ ਪਾਸੇ, ਮਾਹਰ ਗਰੁੱਪ ਮਾਪਦੰਡ ਅਨੁਸਾਰ ਪੇਂਡੂ ਔਰਤ ਮਜ਼ਦੂਰਾਂ ਦੇ 86.35 ਪ੍ਰਤਿਸ਼ਤ ਪਰਿਵਾਰਿਕ ਜੀਅ ਉਪਭੋਗ ਖ਼ਰਚ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤੇਂਦੂਲਕਰ ਮਾਪਦੰਡ ਅਨੁਸਾਰ, ਪੇਂਡੂ ਔਰਤ ਮਜ਼ਦੂਰਾਂ ਦੇ 43.85 ਪ੍ਰਤਿਸ਼ਤ ਪਰਿਵਾਰਿਕ ਜੀਅ ਉਪਭੋਗ ਖ਼ਰਚ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਕਮੇਟੀ ਦੇ ਮਾਪਦੰਡ ਅਨੁਸਾਰ, ਉਪਭੋਗ ਖ਼ਰਚ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੀ ਪ੍ਰਤਿਸ਼ਤਤਾ 56.44 ਹੈ। ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਪ੍ਰਤਿਸ਼ਤ ਅਤੇ 40 ਪ੍ਰਤਿਸ਼ਤ ਮਾਪਦੰਡਾਂ ਅਨੁਸਾਰ ਪੇਂਡੂ ਔਰਤ ਮਜ਼ਦੂਰਾਂ ਦੇ ਕ੍ਰਮਵਾਰ 99.73 ਅਤੇ 98.33 ਪ੍ਰਤਿਸ਼ਤ ਪਰਿਵਾਰਿਕ ਜੀਅ ਉਪਭੋਗ ਖ਼ਰਚ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਪੇਂਡੂ ਔਰਤ ਮਜ਼ਦੂਰਾਂ ਦੇ 12.91 ਪ੍ਰਤਿਸ਼ਤ ਪਰਿਵਾਰਿਕ ਜੀਅ ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਜਦੋਂ ਕਿ 61.30 ਪ੍ਰਤਿਸ਼ਤ ਜੀਅ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾਂ ਤੋਂ ਹੇਠਾਂ ਰਹਿ ਰਹੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ ਵਿਸ਼ਵ ਬੈਂਕ ਦੇ ਘੋਰ ਗ਼ਰੀਬੀ ਰੇਖਾ ਮਾਪਦੰਡ ਅਨੁਸਾਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੀ ਗਿਣਤੀ ਹੋਰ ਸਾਰੇ ਮਾਪਦੰਡਾਂ ਤੋਂ ਬਹੁਤ ਘੱਟ ਹੈ, ਜਿਸਦਾ ਕਾਰਨ ਇਹ ਹੈ ਕਿ ਵਿਸ਼ਵ ਬੈਂਕ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਨਿਗਮ ਖੇਤਰ ਦੇ ਵਿਕਾਸ ਦੇ ਨਾਲ ਵਿਸ਼ਵ ਪੱਧਰ ਉੱਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਪ੍ਰਤਿਸ਼ਤਤਾ ਘਟਦੀ ਜਾ ਰਹੀ ਹੈ।

ਗ਼ਰੀਬੀ ਦੇ ਬੋਝ ਦੇ ਖੇਤਰ-ਵਾਰ ਅਧਿਐਨ ਤੋਂ ਪਤਾ ਲੱਗਿਆ ਕਿ ਮਾਹਰ ਗਰੁੱਪ ਮਾਪਦੰਡ ਅਨੁਸਾਰ, ਆਮਦਨ ਆਧਾਰਿਤ ਗ਼ਰੀਬੀ ਸਭ ਤੋਂ ਵੱਧ ਮਾਝਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿਚ ਹੈ, ਇਸ ਤੋਂ ਬਾਅਦ ਮਾਲਵਾ ਅਤੇ ਦੋਆਬਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰ ਹਨ। ਇਸ ਮਾਪਦੰਡ ਅਨੁਸਾਰ, ਮਾਝਾ, ਮਾਲਵਾ ਅਤੇ ਦੋਆਬਾ ਦੇ ਪੇਂਡੂ ਔਰਤ ਮਜ਼ਦੂਰਾਂ ਦੇ ਕ੍ਰਮਵਾਰ 94.60, 92.08 ਅਤੇ 89.74 ਪ੍ਰਤਿਸ਼ਤ ਪਰਿਵਾਰਿਕ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤੇਂਦੂਲਕਰ ਮਾਪਦੰਡ ਅਨੁਸਾਰ, ਮਾਝਾ, ਮਾਲਵਾ ਅਤੇ ਦੋਆਬਾ ਦੀਆਂ ਪੇਂਡੂ ਔਰਤ ਮਜ਼ਦੂਰਾਂ ਦੇ ਕ੍ਰਮਵਾਰ 69.87, 51.85 ਅਤੇ 48.69 ਪ੍ਰਤਿਸ਼ਤ ਪਰਿਵਾਰਿਕ ਜੀਅ ਆਮਦਨ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਮਾਪਦੰਡ ਅਨੁਸਾਰ ਉਪਰੋਕਤ ਤਿੰਨ ਖੇਤਰਾਂ ਦੇ ਕ੍ਰਮਵਾਰ 80.78, 71.05 ਅਤੇ 63.10 ਪ੍ਰਤਿਸ਼ਤ ਪਰਿਵਾਰਿਕ ਜੀਅ ਆਮਦਨ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਪ੍ਰਤਿਸ਼ਤ ਮਾਪਦੰਡ ਅਨੁਸਾਰ ਪੇਂਡੂ ਔਰਤ ਮਜ਼ਦੂਰਾਂ ਦੇ ਸਾਰੇ ਪਰਿਵਾਰਿਕ ਜੀਅ ਇਸ ਗ਼ਰੀਬੀ ਰੇਖਾ ਤੋਂ ਹੇਠਾਂ ਹਨ, ਜਦੋਂ ਕਿ 40 ਪ੍ਰਤਿਸ਼ਤ ਮਾਪਦੰਡ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਿਕ ਜੀਆਂ ਦੀ ਗਿਣਤੀ ਮਾਝਾ, ਮਾਲਵਾ ਅਤੇ ਦੋਆਬਾ ਵਿਚ ਕ੍ਰਮਵਾਰ 99.88, 99.68 ਅਤੇ 99.49 ਪ੍ਰਤਿਸ਼ਤ ਹੈ। ਵਿਸ਼ਵ ਬੈਂਕ ਦੇ ਘੋਰ ਗ਼ਰੀਬੀ ਮਾਪਦੰਡ ਅਨੁਸਾਰ, ਮਾਝਾ, ਮਾਲਵਾ ਅਤੇ ਦੋਆਬਾ ਦੇ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੇ ਕ੍ਰਮਵਾਰ 43.95, 28.25 ਤੇ 26.80 ਪ੍ਰਤਿਸ਼ਤ ਜੀਅ ਇਸ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਤਿੰਨਾਂ ਖੇਤਰਾਂ ਦੇ ਕ੍ਰਮਵਾਰ 84.05, 73.89 ਅਤੇ 67.09 ਪ੍ਰਤਿਸ਼ਤ ਪਰਿਵਾਰਿਕ ਜੀਅ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਦੇ ਬੋਝ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਮਾਹਰ ਗਰੁੱਪ ਮਾਪਦੰਡ ਅਨੁਸਾਰ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੀ ਗਿਣਤੀ ਸਭ ਤੋਂ ਵੱਧ ਮਾਝਾ ਵਿਚ 90.39 ਪ੍ਰਤਿਸ਼ਤ ਹੈ, ਜੋ ਕਿ ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 85.34 ਅਤੇ 82.19 ਪ੍ਰਤਿਸ਼ਤ ਹੈ। ਤੇਂਦੂਲਕਰ ਮਾਪਦੰਡ ਅਨੁਸਾਰ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀਆਂ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੀ ਗਿਣਤੀ ਸਭ ਤੋਂ ਵੱਧ ਮਾਝਾ ਵਿਚ 51.30 ਪ੍ਰਤਿਸ਼ਤ ਹੈ ਅਤੇ ਇਹ ਪ੍ਰਤਿਸ਼ਤ ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 42.16 ਅਤੇ 35.88 ਹੈ। ਰੰਗਰਾਜਨ ਮਾਪਦੰਡ ਅਨੁਸਾਰ ਮਾਝਾ, ਦੋਆਬਾ ਅਤੇ ਮਾਲਵਾ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ



ਰਹਿਣ ਵਾਲੀਆਂ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਆਂ ਦੀ ਗਿਣਤੀ ਕ੍ਰਮਵਾਰ 68.03, 52.76 ਅਤੇ 45.72 ਪ੍ਰਤਿਸ਼ਤ ਹੈ। ਮਾਲਵਾ, ਮਾਝਾ ਅਤੇ ਦੋਆਬਾ ਦੀਆਂ ਪੇਂਡੂ ਔਰਤ ਮਜ਼ਦੂਰਾਂ ਦੇ ਕ੍ਰਮਵਾਰ 99.79, 99.76 ਅਤੇ 99.58 ਪ੍ਰਤਿਸ਼ਤ ਪਰਿਵਾਰਿਕ ਜੀਅ ਰਾਜ ਦੀ 50 ਪ੍ਰਤਿਸ਼ਤ ਪ੍ਰਤਿ ਵਿਅਕਤੀ ਆਮਦਨ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਹ ਅਨੁਪਾਤ ਰਾਜ ਦੀ 40 ਪ੍ਰਤਿਸ਼ਤ ਆਮਦਨ ਵਾਲੀ ਗ਼ਰੀਬੀ ਰੇਖਾ ਮਾਪਦੰਡ ਅਨੁਸਾਰ ਮਾਝਾ, ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 98.81, 98.29 ਅਤੇ 97.71 ਪ੍ਰਤਿਸ਼ਤ ਹੈ। ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀਆਂ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਅ ਮਾਝਾ, ਮਾਲਵਾ ਅਤੇ ਦੋਆਬਾ ਵਿਚ ਕ੍ਰਮਵਾਰ 15.12, 12.47 ਅਤੇ 10.43 ਪ੍ਰਤਿਸ਼ਤ ਹਨ, ਜਦੋਂ ਕਿ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਿਕ ਜੀਅ ਤਿੰਨਾਂ ਖੇਤਰਾਂ ਲਈ ਕ੍ਰਮਵਾਰ 73.19, 58.75 ਅਤੇ 48.35 ਪ੍ਰਤਿਸ਼ਤ ਹਨ।

ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੇ ਪੱਧਰ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ 93.71 ਪ੍ਰਤਿਸ਼ਤ ਪਰਿਵਾਰ ਕਰਜ਼ੇ ਥੱਲੇ ਹਨ। ਪੰਜਾਬ ਵਿਚ ਇੱਕ ਔਸਤਨ ਕਰਜ਼ਈ ਪੇਂਡੂ ਔਰਤ ਮਜ਼ਦੂਰ ਪਰਿਵਾਰ ਸਿਰ ਕਰਜ਼ੇ ਦੀ ਰਕਮ 57537.28 ਰੁਪਏ ਹੈ ਅਤੇ ਇੱਕ ਔਸਤਨ ਚੁਣੇ ਗਏ ਪਰਿਵਾਰ ਸਿਰ ਕਰਜ਼ੇ ਦੀ ਰਕਮ 53916.45 ਰੁਪਏ ਹੈ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਗ਼ੈਰ-ਸੰਸਥਾਗਤ ਸ੍ਰੋਤ ਕਰਜ਼ੇ ਦਾ ਮੁੱਖ ਸ੍ਰੋਤ ਹਨ। ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਦੁਆਰਾ ਆਪਣੇ ਕੁੱਲ ਕਰਜ਼ੇ ਦਾ 81.01 ਪ੍ਰਤਿਸ਼ਤ ਹਿੱਸਾ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਿਆ ਜਾਂਦਾ ਹੈ, ਜਦੋਂ ਕਿ ਸੰਸਥਾਗਤ ਸ੍ਰੋਤਾਂ ਤੋਂ ਲਏ ਕਰਜ਼ੇ ਦਾ ਪ੍ਰਤਿਸ਼ਤ ਹਿੱਸਾ ਸਿਰਫ਼ 18.99 ਹੈ। ਗ਼ੈਰ-ਸੰਸਥਾਗਤ ਸ੍ਰੋਤਾਂ ਵਿੱਚੋਂ ਵੱਡੇ ਕਿਸਾਨਾਂ ਦੁਆਰਾ ਦਿੱਤਾ ਕਰਜ਼ਾ ਪ੍ਰਮੁੱਖ ਸਥਾਨ ਰੱਖਦਾ ਹੈ। ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਦੁਆਰਾ ਕੁੱਲ ਕਰਜ਼ੇ ਦਾ 29.83 ਪ੍ਰਤਿਸ਼ਤ ਵੱਡੇ ਕਿਸਾਨਾਂ ਤੋਂ ਲਿਆ ਜਾਂਦਾ ਹੈ। ਫੀਲਡ ਸਰਵੇਖਣ ਦੌਰਾਨ ਇਹ ਪਤਾ ਲੱਗਿਆ ਹੈ ਕਿ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਵਧੇਰੇ ਕਰਜ਼ਾ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਿਆ ਗਿਆ ਹੈ। ਇਹ ਪਰਿਵਾਰ ਸੰਸਥਾਗਤ ਸ੍ਰੋਤਾਂ ਤੋਂ ਕਰਜ਼ਾ ਲੈਣ ਵਿਚ ਝਿਜਕਦੇ ਹਨ, ਇਸਦਾ ਕਾਰਨ ਇਹ ਹੈ ਕਿ ਇੱਕ ਤਾਂ ਇਹਨਾਂ ਪਰਿਵਾਰਾਂ ਕੋਲ ਕੋਈ ਸੰਪੱਤੀ ਨਹੀਂ ਜਿਸਨੂੰ ਕਿ ਸੰਸਥਾਗਤ ਸ੍ਰੋਤਾਂ ਕੋਲੋਂ ਕਰਜ਼ਾ ਲੈਣ ਲਈ ਜ਼ਮਾਨਤ ਦੇ ਰੂਪ ਵਿਚ ਰੱਖ ਸਕਣ ਅਤੇ ਦੂਜਾ ਇਹ ਪਰਿਵਾਰ ਸੰਸਥਾਗਤ ਸ੍ਰੋਤਾਂ ਦੁਆਰਾ ਅਪਣਾਏ ਜਾਂਦੇ ਪ੍ਰਬੰਧ ਨੂੰ ਸਮਝ ਨਹੀਂ ਸਕਦੇ। ਇਹੀ ਕਾਰਨ ਹੈ ਕਿ ਇਹਨਾਂ ਪਰਿਵਾਰਾਂ! ਕਰਜ਼ੇ ਲੈਣ ਲਈ ਗ਼ੈਰ-ਸੰਸਥਾਗਤ ਸ੍ਰੋਤਾਂ ਉੱਤੇ ਜ਼ਿਆਦਾ ਨਿਰਭਰ ਹੋਣਾ ਪੈਂਦਾ ਹੈ। ਕਰਜ਼ੇ ਦੀ ਇਸ ਗੰਭੀਰ ਸਮੱਸਿਆ ਦਾ ਇੱਕ ਚੰਗਾ ਪੱਖ ਇਹ ਸਾਹਮਣੇ ਆਇਆ ਕਿ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਨੇ ਕੁੱਲ ਕਰਜ਼ੇ ਦਾ 75.55 ਪ੍ਰਤਿਸ਼ਤ ਹਿੱਸਾ ਉਤਪਾਦਕ ਉਦੇਸ਼ਾਂ ਲਈ ਵਰਤਿਆ ਗਿਆ, ਜਦੋਂ ਬਾਕੀ 24.45 ਪ੍ਰਤਿਸ਼ਤ ਗ਼ੈਰ-ਉਤਪਾਦਕ ਉਦੇਸ਼ਾਂ ਵਾਸਤੇ। ਉਤਪਾਦਕ ਉਦੇਸ਼ਾਂ ਲਈ ਲਏ ਕਰਜ਼ੇ ਵਿੱਚੋਂ ਸਭ ਤੋਂ ਵੱਧ ਕਰਜ਼ਾ ਸਿਹਤ-ਸੰਭਾਲ ਲਈ ਲਿਆ ਗਿਆ ਅਤੇ ਇਸ ਤੋਂ ਬਾਅਦ ਮੋਟਰਸਾਈਕਲ/ ਰਿਕਸ਼ਾ/ ਆਟੋਰਿਕਸ਼ਾ ਦੀ ਖ਼ਰੀਦ, ਮਕਾਨ ਉਸਾਰੀ, ਨਵੇਂ ਕਮਰਿਆਂ ਦੀ ਉਸਾਰੀ ਅਤੇ ਵੱਡੀ ਮੁਰੰਮਤ, ਪੁਰਾਣੇ ਕਰਜ਼ਿਆਂ ਦੇ ਭੁਗਤਾਨ, ਪਸ਼ੂਆਂ ਦੀ ਖ਼ਰੀਦ ਅਤੇ ਗ਼ੈਰ-ਟਿਕਾਊ ਵਸਤਾਂ ਦੀ ਖ਼ਰੀਦ ਲਈ ਲਏ ਕਰਜ਼ਿਆਂ ਦਾ ਸਥਾਨ ਆਉਂਦਾ ਹੈ। ਦੂਜੇ ਪਾਸੇ, ਗ਼ੈਰ-ਉਤਪਾਦਕ ਕਰਜ਼ਿਆਂ ਵਿੱਚੋਂ ਸਭ ਤੋਂ ਵੱਧ ਕਰਜ਼ਾ ਵਿਆਹਾਂ ਅਤੇ ਹੋਰ-ਸਮਾਜਿਕ-ਧਾਰਮਿਕ ਰਸਮਾਂ ਲਈ ਲਿਆ ਗਿਆ ਹੈ। ਇਸ ਤੋਂ ਬਾਅਦ ਮੁਕੱਦਮੇਬਾਜ਼ੀ ਦਾ ਸਥਾਨ ਆਉਂਦਾ ਹੈ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਕੁੱਲ ਕਰਜ਼ੇ ਦਾ 75 ਪ੍ਰਤਿਸ਼ਤ ਤੋਂ ਵੱਧ ਕਰਜ਼ਾ 18 ਪ੍ਰਤਿਸ਼ਤ ਤੋਂ ਵੱਧ, ਸਾਲਾਨਾ ਵਿਆਜ ਦਰ ਉੱਤੇ ਲਿਆ ਗਿਆ ਹੈ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਪਰਿਵਾਰਾਂ ਨੂੰ ਕਰਜ਼ਾ ਲੈਣ ਲਈ ਗ਼ੈਰ-ਸੰਸਥਾਗਤ ਸ੍ਰੋਤਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ।

ਕਰਜ਼ੇ ਦੇ ਪੱਧਰ ਦੇ ਖੇਤਰ-ਵਾਰ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਮਾਲਵਾ ਦੇ 96.08 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਥੱਲੇ ਹਨ, ਜਦੋਂ ਕਿ ਕਰਜ਼ੇ ਹੇਠਲੇ ਪਰਿਵਾਰਾਂ ਦਾ ਪ੍ਰਤਿਸ਼ਤ ਮਾਝਾ ਅਤੇ ਦੋਆਬਾ ਵਿਚ ਕ੍ਰਮਵਾਰ 93.12 ਅਤੇ 90.77 ਹੈ। ਮਾਲਵਾ ਵਿਚ ਕਰਜ਼ੇ ਦੀ ਰਕਮ ਇੱਕ ਔਸਤਨ ਕਰਜ਼ਈ ਪੇਂਡੂ ਔਰਤ ਮਜ਼ਦੂਰ ਪਰਿਵਾਰ ਅਤੇ ਇੱਕ ਔਸਤਨ ਚੁਣੇ ਗਏ ਪੇਂਡੂ ਔਰਤ ਮਜ਼ਦੂਰ ਪਰਿਵਾਰ ਸਿਰ ਸਭ ਤੋਂ ਜ਼ਿਆਦਾ ਹੈ। ਇਹ ਰਕਮ ਕ੍ਰਮਵਾਰ 60184.69 ਅਤੇ 57824.51 ਰੁਪਏ ਹੈ। ਇਸ ਤੋਂ ਬਾਅਦ ਮਾਝਾ ਅਤੇ ਦੋਆਬਾ ਆਉਂਦੇ ਹਨ। ਮਾਝਾ ਵਿਚ ਇਹ ਰਕਮ ਕ੍ਰਮਵਾਰ 56430.40 ਅਤੇ 52549.80 ਰੁਪਏ ਅਤੇ ਦੋਆਬਾ ਵਿਚ ਇਹ ਰਕਮ ਕ੍ਰਮਵਾਰ 54664.19 ਅਤੇ 49618.26 ਰੁਪਏ ਹੈ। ਔਸਤ ਉਪਭੋਗ ਪ੍ਰਵਿਰਤੀ ਦੋਆਬਾ ਤੋਂ ਮਾਲਵਾ ਵੱਲ ਵਧ ਰਹੀ ਹੈ, ਇਸ ਤਰ੍ਹਾਂ ਕਰਜ਼ੇ ਦੀ ਰਕਮ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਸਿਰ ਦੋਆਬਾ ਤੋਂ ਮਾਲਵਾ ਵੱਲ ਵਧ ਰਹੀ ਹੈ। ਤਿੰਨਾਂ ਖੇਤਰਾਂ ਵਿਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਕਰਜ਼ੇ ਦਾ ਮੁੱਖ ਸਾਧਨ ਗ਼ੈਰ-ਸੰਸਥਾਗਤ ਸ੍ਰੋਤ ਹਨ। ਮਾਲਵਾ ਵਿਚ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਨੇ ਕੁੱਲ ਕਰਜ਼ੇ ਦਾ 82.55 ਪ੍ਰਤਿਸ਼ਤ ਹਿੱਸਾ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਿਆ ਹੈ। ਇਹ ਪ੍ਰਤਿਸ਼ਤ ਮਾਝਾ ਅਤੇ ਦੋਆਬਾ ਲਈ ਕ੍ਰਮਵਾਰ 82.40 ਅਤੇ 76.23 ਪ੍ਰਤਿਸ਼ਤ ਹੈ। ਇਸ ਤੋਂ ਸਪਸ਼ਟ ਹੈ ਕਿ ਮਾਲਵਾ, ਮਾਝਾ ਅਤੇ ਦੋਆਬਾ ਵਿਚ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਨੇ ਕੁੱਲ ਕਰਜ਼ੇ ਦਾ ਕ੍ਰਮਵਾਰ 17.45, 17.60 ਅਤੇ 23.77 ਪ੍ਰਤਿਸ਼ਤ ਹਿੱਸਾ ਸੰਸਥਾਗਤ ਸ੍ਰੋਤਾਂ ਤੋਂ ਲਿਆ ਹੈ। ਤਿੰਨੇ ਖੇਤਰਾਂ ਵਿਚ ਗ਼ੈਰ-ਸੰਸਥਾਗਤ ਸ੍ਰੋਤਾਂ ਵਿੱਚੋਂ ਵੱਡੇ ਕਿਸਾਨਾਂ ਦਾ ਕਰਜ਼ਾ ਦੇਣ ਵਿਚ ਪਹਿਲਾ ਸਥਾਨ ਹੈ ਅਤੇ ਸੰਸਥਾਗਤ ਸ੍ਰੋਤਾਂ ਵਿੱਚੋਂ ਮੁੱਖ ਸ੍ਰੋਤ ਸੂਖਮ ਵਿੱਤੀ ਸੰਸਥਾਵਾਂ ਹਨ। ਸਾਰੇ ਖੇਤਰਾਂ ਵਿਚ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਵੱਲੋਂ ਆਪਣੇ ਕੁੱਲ ਕਰਜ਼ੇ ਦੀ ਵੱਡੀ ਰਕਮ ਉਤਪਾਦਕ ਉਦੇਸ਼ਾਂ ਵਾਸਤੇ ਵਰਤੀ ਜਾਂਦੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਲਵਾ ਵਿਚ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਵੱਲੋਂ ਕੁੱਲ ਕਰਜ਼ੇ ਦਾ 63.11 ਪ੍ਰਤਿਸ਼ਤ ਹਿੱਸਾ 24 ਪ੍ਰਤਿਸ਼ਤ ਤੋਂ ਵੱਧ, ਸਲਾਨਾ ਵਿਆਜ ਦਰ ਉੱਤੇ ਲਿਆ ਜਾਂਦਾ ਹੈ। ਇਹ ਪ੍ਰਤਿਸ਼ਤ ਮਾਝਾ ਅਤੇ ਦੋਆਬਾ ਲਈ ਕ੍ਰਮਵਾਰ 62.47 ਅਤੇ 59.19 ਹੈ। ਸਾਰੇ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਤੁਲਨਾਤਮਿਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਮਾਲਵਾ ਵਿਚ ਇਹਨਾਂ ਪਰਿਵਾਰਾਂ ਦੁਆਰਾ ਦੂਜੇ ਖੇਤਰਾਂ ਦੀ ਤੁਲਨਾ ਵਿਚ ਵਧੇਰੇ ਵਿਆਜ ਦਿੱਤਾ ਜਾਂਦਾ ਹੈ। ਇਸਦਾ ਕਾਰਨ ਇਹ ਹੈ ਕਿ ਇਸ ਖੇਤਰ ਵਿਚ ਵਧੇਰੇ ਕਰਜ਼ਾ ਸ਼ਾਹੂਕਾਰਾਂ ਅਤੇ ਵੱਡੇ ਕਿਸਾਨਾਂ ਤੋਂ ਲਿਆ ਜਾਂਦਾ ਹੈ, ਜੋ ਉੱਚੀਆਂ ਵਿਆਜ ਦਰਾਂ ਉੱਪਰ ਮਹਿੰਗਾ ਕਰਜ਼ਾ ਦਿੰਦੇ ਹਨ।

ਸੰਪਤੀ ਦੇ ਮੁੱਲ ਅਤੇ ਬਣਤਰ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਲਈ ਘਰੇਲੂ ਸੰਪੱਤੀ ਦਾ ਅਨੁਮਾਨਿਤ ਮੁੱਲ 132386.26 ਰੁਪਏ ਹੈ। ਕੁੱਲ ਘਰੇਲੂ ਸੰਪੱਤੀ ਵਿਚ ਟਿਕਾਊ ਵਸਤਾਂ ਦਾ ਪ੍ਰਤਿਸ਼ਤ ਹਿੱਸਾ 90.69 ਹੈ, ਜਦੋਂ ਕਿ ਪਸ਼ੂ-ਧਨ ਦਾ ਪ੍ਰਤਿਸ਼ਤ ਹਿੱਸਾ 9.31 ਹੈ। ਟਿਕਾਊ ਵਸਤਾਂ ਵਿਚ ਰਿਹਾਇਸ਼ੀ ਘਰਾਂ ਦਾ ਪਹਿਲਾ ਸਥਾਨ ਹੈ। ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਲਈ ਰਿਹਾਇਸ਼ੀ ਘਰਾਂ ਦਾ ਅਨੁਮਾਨਿਤ ਮੁੱਲ ਕੁੱਲ ਘਰੇਲੂ ਸੰਪੱਤੀ ਦਾ 62.93 ਪ੍ਰਤਿਸ਼ਤ ਹੈ। ਮੋਟਰਸਾਈਕਲ/ ਸਕੂਟਰ/ ਮੋਪਿਡ/ ਸਾਈਕਲ/ ਰਿਕਸ਼ਾ/ ਆਟੋਰਿਕਸ਼ਾ ਟਿਕਾਊ ਵਸਤਾਂ ਵਿਚ ਦੂਜੀ ਵੱਡੀ ਵਸਤੂ ਹੈ ਅਤੇ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਦੀ ਕੁੱਲ ਸੰਪੱਤੀ ਵਿਚ ਇਸਦਾ ਹਿੱਸਾ 6.51 ਪ੍ਰਤਿਸ਼ਤ ਹੈ। ਗਹਿਣੇ ਤੀਜੇ ਸਥਾਨ ਉੱਤੇ ਹਨ ਅਤੇ ਇਹਨਾਂ ਦਾ ਪ੍ਰਤਿਸ਼ਤ 5.40 ਹੈ। ਮੋਬਾਈਲ/ਲੈਂਡਲਾਇਨ ਫੋਨ ਟਿਕਾਊ ਵਸਤਾਂ ਵਿੱਚੋਂ ਚੌਥੇ ਸਥਾਨ ਉੱਤੇ ਹਨ ਅਤੇ ਇਹਨਾਂ ਦਾ ਅਨੁਮਾਨਿਤ ਮੁੱਲ ਕੁੱਲ ਸੰਪੱਤੀ ਦੇ ਮੁੱਲ ਦਾ 2.48 ਪ੍ਰਤਿਸ਼ਤ ਹੈ। ਇਸ ਤੋਂ ਬਾਅਦ ਟਿਕਾਊ ਵਸਤਾਂ ਵਿਚ ਭਾਂਡੇ, ਫਰਿੱਜ, ਮੰਜੇ, ਰਸੋਈ ਗੈਸ/ਸਟੋਵ, ਟੈਲੀਵਿਜ਼ਨ, ਬੈੱਡ, ਪੱਖੇ/ਕੂਲਰ, ਫਰਨੀਚਰ, ਟਰੰਕ/ਪੇਟੀ ਆਦਿ ਆਉਂਦੇ ਹਨ। ਦੂਜੇ ਪਾਸੇ, ਪਸ਼ੂ-ਧਨ ਵਿਚ ਮੱਝਾਂ ਦਾ ਪ੍ਰਤਿਸ਼ਤ ਕੁੱਲ ਘਰੇਲੂ ਸੰਪੱਤੀ ਦੇ ਮੁੱਲ ਦਾ 5.85 ਹੈ। ਇਸ ਤੋਂ ਬਾਅਦ ਗਾਵਾਂ, ਕੱਟੇ-ਕੱਟੀਆਂ/ਵੱਛੇ-ਵੱਛੀਆਂ, ਮੁਰਗੇ-ਮੁਰਗੀਆਂ/ ਮੱਛੀਆਂ/ ਸੂਰ ਅਤੇ ਬੱਕਰੀਆਂ/ਭੇਡਾਂ ਦਾ ਸਥਾਨ ਆਉਂਦਾ ਹੈ।

ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀ ਸੰਪਤੀ ਦੇ ਅਨੁਮਾਨਿਤ ਮੁੱਲ ਅਤੇ ਬਣਤਰ ਦਾ ਖੇਤਰ-ਵਾਰ ਤੁਲਨਾਤਮਿਕ ਅਧਿਐਨ ਇਹ ਦਰਸਾਉਂਦਾ ਹੈ ਕਿ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਘਰੇਲੂ ਸੰਪੱਤੀ ਦਾ ਅਨੁਮਾਨਿਤ ਮੁੱਲ ਦੋਆਬਾ, ਮਾਲਵਾ ਅਤੇ ਮਾਝਾ ਲਈ ਕ੍ਰਮਵਾਰ 141687.05, 132594.64 ਅਤੇ 125213.70 ਰੁਪਏ ਹੈ। ਸਾਰੇ ਤਿੰਨ ਖੇਤਰਾਂ ਵਿਚ ਟਿਕਾਊ ਵਸਤਾਂ ਦਾ ਅਨੁਪਾਤ ਸਭ ਤੋਂ ਜ਼ਿਆਦਾ ਹੈ। ਦੋਆਬਾ, ਮਾਲਵਾ ਅਤੇ ਮਾਝਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਟਿਕਾਊ ਵਸਤਾਂ ਦਾ ਅਨੁਮਾਨਿਤ ਮੁੱਲ ਕੁੱਲ ਘਰੇਲੂ ਸੰਪੱਤੀ ਦਾ ਕ੍ਰਮਵਾਰ 93.30, 90.07 ਅਤੇ 89.27 ਪ੍ਰਤਿਸ਼ਤ ਹੈ, ਜਦੋਂ ਕਿ ਉਪਰੋਕਤ ਤਿੰਨਾਂ ਖੇਤਰਾਂ ਲਈ ਪਸ਼ੂ-ਧਨ ਦਾ ਅਨੁਮਾਨਿਤ ਮੁੱਲ ਕੁੱਲ ਸੰਪੱਤੀ ਦਾ 6.70, 9.93 ਅਤੇ 10.73 ਪ੍ਰਤਿਸ਼ਤ ਹੈ। ਘਰੇਲੂ ਟਿਕਾਊ ਵਸਤਾਂ ਵਿੱਚੋਂ ਰਿਹਾਇਸ਼ੀ ਘਰਾਂ ਦੇ ਅਨੁਮਾਨਿਤ ਮੁੱਲ ਦਾ ਪ੍ਰਤਿਸ਼ਤ ਤਿੰਨਾਂ ਖੇਤਰਾਂ ਵਿਚ ਸਭ ਤੋਂ ਜ਼ਿਆਦਾ ਹੈ। ਇਹ ਪ੍ਰਤਿਸ਼ਤ ਦੋਆਬਾ, ਮਾਲਵਾ ਅਤੇ ਮਾਝਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਕ੍ਰਮਵਾਰ 65.74, 64.70 ਅਤੇ 58.35 ਹੈ। ਤਿੰਨਾਂ ਖੇਤਰਾਂ ਵਿਚ ਪਸ਼ੂ-ਧਨ ਵਿਚ ਮੱਝਾਂ ਦਾ ਪ੍ਰਤਿਸ਼ਤ ਸਭ ਤੋਂ ਜ਼ਿਆਦਾ ਹੈ। ਮਾਝਾ, ਮਾਲਵਾ ਅਤੇ ਦੋਆਬਾ ਵਿਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਮੱਝਾਂ ਦਾ ਅਨੁਮਾਨਿਤ ਮੁੱਲ ਕੁੱਲ ਘਰੇਲੂ ਸੰਪੱਤੀ ਦਾ ਕ੍ਰਮਵਾਰ 6.85, 5.91 ਅਤੇ 4.56 ਪ੍ਰਤਿਸ਼ਤ ਹੈ।

ਪੰਜਾਬ ਦੀਆਂ ਪੇਂਡੂ ਔਰਤ ਮਜ਼ਦੂਰਾਂ ਦੀ ਰਾਜਨੀਤਿਕ ਸ਼ਮੂਲੀਅਤ ਦੇ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਕੁੱਲ ਉੱਤਰਦਾਤਾ ਔਰਤ ਮਜ਼ਦੂਰਾਂ ਵਿੱਚੋਂ ਬਹੁਤ ਜ਼ਿਆਦਾ ਔਰਤਾਂ (95.28 ਪ੍ਰਤਿਸ਼ਤ) ਨੂੰ ਰਾਜਨੀਤੀ ਵਿਚ ਕਿਸੇ ਕਿਸਮ ਦੀ ਕੋਈ ਵੀ ਦਿਲਚਸਪੀ ਨਹੀਂ ਹੈ। ਇਸੇ ਤਰ੍ਹਾਂ ਬਹੁਤ ਜ਼ਿਆਦਾ ਪੇਂਡੂ ਔਰਤ ਮਜ਼ਦੂਰਾਂ (94.79 ਪ੍ਰਤਿਸ਼ਤ) ਨੂੰ ਖ਼ਬਰਾਂ ਨੂੰ ਪੜ੍ਹਨ, ਸੁਣਨ ਜਾਂ ਦੇਖਣ ਵਿਚ ਕੋਈ ਦਿਲਚਸਪੀ ਨਹੀਂ। ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਹੈ ਕਿ ਪੇਂਡੂ ਔਰਤ ਮਜ਼ਦੂਰਾਂ ਕੋਲ ਖ਼ਬਰਾਂ ਨੂੰ ਪੜ੍ਹਨ, ਸੁਣਨ ਜਾਂ ਦੇਖਣ ਦਾ ਕੋਈ ਸਮਾਂ ਨਹੀਂ ਕਿਉਂਕਿ ਬਾਹਰ ਦੇ ਕੰਮਾਂ ਤੋਂ ਬਾਅਦ ਉਹ ਘਰ ਦੇ ਕੰਮਾਂ ਵਿਚ ਰੁਝੀਆਂ ਰਹਿੰਦੀਆਂ ਹਨ। ਅਨਪੜ੍ਹ ਹੋਣ ਕਰਕੇ ਬਹੁਤੀਆਂ ਔਰਤਾਂ ਅਖ਼ਬਾਰ ਪੜ੍ਹਨ ਦੇ ਵੀ ਯੋਗ ਨਹੀਂ ਹੁੰਦੀਆਂ। ਪੇਂਡੂ ਔਰਤ ਮਜ਼ਦੂਰਾਂ ਦੀ ਰਾਜਨੀਤਿਕ ਜਾਗਰੂਕਤਾ ਬਹੁਤ ਹੀ ਨੀਵੇਂ ਪੱਧਰ ਦਾ ਪਤਾ ਇਸ ਤੱਥ ਤੋਂ ਲੱਗ ਜਾਂਦਾ ਹੈ ਕੁੱਲ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ 89.28 ਪ੍ਰਤਿਸ਼ਤ ਔਰਤਾਂ ਅਜਿਹੀਆਂ ਹਨ ਜਿਹਨਾਂ ਨੂੰ ਰਾਜ ਦੇ ਮੁੱਖ ਮੰਤਰੀ ਦਾ ਨਾਮ ਦਾ ਪਤਾ ਨਹੀਂ। ਇਸੇ ਪ੍ਰਕਾਰ, ਕੁੱਲ ਉੱਤਰਦਾਤਾ ਔਰਤ ਮਜ਼ਦੂਰਾਂ ਵਿੱਚੋਂ 92.72 ਪ੍ਰਤਿਸ਼ਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਮ ਨਹੀਂ ਪਤਾ। ਇਸੇ ਤਰ੍ਹਾਂ ਕੁੱਲ ਔਰਤ ਮਜ਼ਦੂਰਾਂ ਵਿੱਚੋਂ 99.21 ਪ੍ਰਤਿਸ਼ਤ ਨੂੰ ਦੇਸ਼ ਦੇ ਰਾਸ਼ਟਰਪਤੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ, 83.28 ਪ੍ਰਤਿਸ਼ਤ ਔਰਤ ਮਜ਼ਦੂਰਾਂ ਨੂੰ ਕੋਈ ਦੋ ਔਰਤ ਰਾਜਨੀਤਿਕ ਨੇਤਾਵਾਂ ਦਾ ਨਾਮ ਪਤਾ ਨਹੀਂ ਅਤੇ 78.56 ਪ੍ਰਤਿਸ਼ਤ ਔਰਤਾਂ ਨੂੰ ਦੇਸ਼ ਦੀਆਂ ਰਾਜਨੀਤਿਕ ਪਾਰਟੀਆਂ ਦੇ ਨਾਮਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਬਹੁਤ ਜ਼ਿਆਦਾ ਉੱਤਰਦਾਤਾ ਪੇਂਡੂ ਔਰਤ ਮਜ਼ਦੂਰਾਂ (95.97 ਪ੍ਰਤਿਸ਼ਤ) ਨੇ ਦੱਸਿਆ ਕਿ ਉਹ ਚੋਣਾਂ ਵਿਚ ਆਪਣੀ ਵੋਟ ਪਾਉਂਦੀਆਂ ਹਨ। ਜ਼ਿਆਦਾਤਰ ਉੱਤਰਦਾਤਾਵਾਂ (76.79 ਪ੍ਰਤਿਸ਼ਤ) ਨੇ ਦੱਸਿਆ ਕਿ ਉਹਨਾਂ ਨੇ ਵੋਟ ਪਰਿਵਾਰ ਦੇ ਵਡੇਰੇ ਮਰਦ ਦੀ ਹਦਾਇਤ ਅਨੁਸਾਰ ਪਾਈ।

(ਬਾਕੀ ਅਗਲੇ ਅੰਕ ਵਿਚ)

# ਗੋਰੇ ਲੋਕ ਪਰ ਕਾਲੇ ਕੰਮ

ਅੰਗ-ਸੰਗ



ਸ਼ਾਮ ਸਿੰਘ
98141-13338

**ਜਿੱਥੇ-ਜਿੱਥੇ ਵੀ ਗੋਰੇ ਲੋਕਾਂ ਨੇ ਰਾਜ ਕੀਤਾ, ਉੱਥੇ-ਉੱਥੇ ਦੇ ਲੋਕਾਂ ਨੂੰ ਕਾਲੇ, ਭੂਰੇ ਕਹਿੰਦੇ ਹੋਏ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਸਮਝਦੇ ਰਹੇ। ਗੋਰੇ ਲੋਕ (ਸਾਫ਼ ਮਨਾਂ ਵਾਲੇ) ਦੂਜੀਆਂ ਧਰਤੀਆਂ ਦੇ ਲੋਕਾਂ ਨੂੰ ਉਹ ਹੱਕ ਵੀ ਨਾ ਦਿੰਦੇ ਰਹੇ, ਜਿਹੜੇ ਨਾਗਰਿਕਾਂ ਦੇ ਜੀਊਣ ਲਈ ਜ਼ਰੂਰੀ ਹੁੰਦੇ ਹਨ, ਪਰ ਉਨ੍ਹਾਂ 'ਤੇ ਸਦਾ ਡੰਡਾ ਹੀ ਚਲਾਉਂਦੇ ਰਹੇ, ਜਿਸ ਨੂੰ ਸਹਿਣ ਬਿਨਾਂ ਗੁਲਾਮਾਂ ਦਾ ਕੋਈ ਚਾਰਾ ਨਹੀਂ ਸੀ ਹੁੰਦਾ। ਇਹ ਗੋਰਿਆਂ ਦੇ ਕਾਲੇ ਕਾਰਨਾਮੇ ਸਨ, ਜੋ ਕਈ ਥਾਂ ਅਜੇ ਤੱਕ ਵੀ ਖ਼ਤਮ ਨਹੀਂ ਹੋਏ। ਇਹ ਵਿਨਾਸ਼ ਦੀ ਗੱਲ ਹੈ, ਵਿਕਾਸ ਦੀ ਨਹੀਂ, ਜਿਹੜੀ ਕਾਲੇ ਮਨਾਂ ਵਾਲੇ ਗੋਰੇ ਲੋਕਾਂ ਨੇ ਨਹੀਂ ਹੋਣ ਦਿੱਤੀ। ਇਤਿਹਾਸ ਕਲੰਕਤ ਹੁੰਦਾ ਰਿਹਾ।**

ਦੇਰ ਤੋਂ ਸੁਣਦੇ ਆ ਰਹੇ ਹਾਂ ਕਿ ਗੋਰੇ ਲੋਕਾਂ ਨੇ ਏਨੇ ਦੇਸਾਂ 'ਤੇ ਰਾਜ ਕੀਤਾ ਕਿ ਉਨ੍ਹਾਂ ਦੀ ਹਕੂਮਤ ਵਿੱਚ ਕਦੇ ਸੂਰਜ ਨਹੀ ਸੀ ਛੁਪਦਾ। ਇੱਕ ਦੇਸ਼ ਵਿੱਚ ਛੁਪਦਾ, ਦੂਜੇ-ਤੀਜੇ ਵਿੱਚ ਚੜ੍ਹਦਾ ਰਹਿੰਦਾ। ਇਹ ਤਾਂ ਬਿਲਕੁਲ ਸਹੀ ਹੈ ਕਿ ਉਨ੍ਹਾਂ ਦੇ ਰਾਜ ਵਿੱਚ ਸੂਰਜ ਚੜ੍ਹਿਆ ਰਹਿੰਦਾ, ਪਰ ਉਨ੍ਹਾਂ ਦੇਸ਼ਾਂ ਦੇ ਲੋਕਾਂ ਲਈ ਕਦੇ ਸੂਰਜ ਚੜ੍ਹਿਆ ਹੀ ਨਾ, ਜਿਨ੍ਹਾਂ ਨੂੰ ਸਦਾ ਹਨੇਰੇ ਵਿੱਚ ਹੀ ਰਹਿਣਾ ਪਿਆ। ਉਨ੍ਹਾਂ ਲੋਕਾਂ ਨੂੰ ਗੋਰਿਆਂ ਦੇ ਗੁਲਾਮ ਹੋ ਕੇ ਰਹਿਣਾ ਪਿਆ ਅਤੇ ਆਪਣੀ ਹੀ ਧਰਤੀ 'ਤੇ ਬੇਗਾਨਗੀ ਵਿੱਚ ਰਹਿੰਦਿਆਂ ਅਤਿ ਘਿਨਾਉਣੇ ਜ਼ੁਲਮ ਸਹਿੰਦੇ ਰਹੇ। ਇਹ ਕੇਹਾ ਸਮਾਂ ਸੀ ਕਿ ਲੋਕਾਂ ਦੀਆਂ ਆਜ਼ਾਦੀਆਂ ਖੋਹੀਆਂ ਜਾਂਦੀਆਂ ਰਹੀਆਂ, ਗੋਰੇ ਮਨਮਰਜ਼ੀਆਂ ਕਰਦੇ ਰਹੇ।

ਸਮਝਿਆ ਤਾਂ ਇਹ ਜਾਣਾ ਚਾਹੀਦਾ ਹੈ ਕਿ ਦੂਰ-ਦੁਰੇਡੇ ਜਾ ਕੇ ਰਾਜ-ਭਾਗ ਕਰਨ ਵਾਲੇ ਲੋਕ ਬੁੱਧੀਮਾਨ ਅਤੇ ਸੱਭਿਅਕ ਹੋਣਗੇ, ਪਰ ਨਹੀਂ। ਉਹ ਸਮੇਂ ਦੇ ਮੁਤਾਬਕ ਚਲਾਕ ਅਤੇ ਧੋਖੇਬਾਜ਼ ਸਨ, ਜਿਸ ਕਾਰਨ ਉਹ ਦੂਸਰੇ ਮੁਲਕਾਂ 'ਤੇ ਕਾਬਜ਼ ਹੁੰਦੇ ਰਹੇ ਅਤੇ ਉਥੋਂ ਦੇ ਕੁਝ ਲੋਕਾਂ ਨੂੰ ਆਪਣੇ ਪਿੱਠੂ ਬਣਾ ਕੇ ਬਾਕੀਆਂ ਨੂੰ ਸਹਿਜੇ ਹੀ ਕਾਬੂ ਕਰਨ ਦੇ ਸਮਰੱਥ ਹੋ ਜਾਂਦੇ। ਇਹ ਕੁਝ ਕਰਦਿਆਂ ਉਹ ਇਨਸਾਨੀ ਕਦਰਾਂ-ਕੀਮਤਾਂ ਦੀ ਉੱਕਾ ਹੀ ਪਰਵਾਹ ਨਾ ਕਰਦੇ ਅਤੇ ਆਪਣੇ ਹੀ ਰੱਬੀ-ਰੂਹ ਜਿਹੇ ਯਸੂ ਮਸੀਹ ਦੀਆਂ ਸਿੱਖਿਆਵਾਂ ਵੱਲ ਪਿੱਠ ਕਰੀ ਰੱਖਦੇ, ਜਿਸ ਕਾਰਨ ਧਰਮਰਾਜ ਤੋਂ ਵੀ ਨਾ ਡਰਦੇ। ਇਹ ਮਨੁੱਖੀ ਇਤਿਹਾਸ ਦਾ ਕੇਹਾ ਤਮਾਸ਼ਾ ਸੀ ਅਤੇ ਕੇਹਾ ਅਡੰਬਰ।

ਜਿੱਥੇ-ਜਿੱਥੇ ਵੀ ਗੋਰੇ ਲੋਕਾਂ ਨੇ ਰਾਜ ਕੀਤਾ, ਉੱਥੇ-ਉੱਥੇ ਦੇ ਲੋਕਾਂ ਨੂੰ ਕਾਲੇ, ਭੂਰੇ ਕਹਿੰਦੇ ਹੋਏ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਸਮਝਦੇ ਰਹੇ। ਗੋਰੇ ਲੋਕ (ਸਾਫ਼ ਮਨਾਂ ਵਾਲੇ) ਦੂਜੀਆਂ ਧਰਤੀਆਂ ਦੇ ਲੋਕਾਂ ਨੂੰ ਉਹ ਹੱਕ ਵੀ ਨਾ ਦਿੰਦੇ ਰਹੇ, ਜਿਹੜੇ ਨਾਗਰਿਕਾਂ ਦੇ ਜੀਊਣ ਲਈ ਜ਼ਰੂਰੀ ਹੁੰਦੇ ਹਨ, ਪਰ ਉਨ੍ਹਾਂ 'ਤੇ ਸਦਾ ਡੰਡਾ ਹੀ ਚਲਾਉਂਦੇ ਰਹੇ, ਜਿਸ ਨੂੰ ਸਹਿਣ ਬਿਨਾਂ ਗੁਲਾਮਾਂ ਦਾ ਕੋਈ ਚਾਰਾ ਨਹੀਂ ਸੀ ਹੁੰਦਾ। ਇਹ ਗੋਰਿਆਂ ਦੇ ਕਾਲੇ ਕਾਰਨਾਮੇ ਸਨ, ਜੋ ਕਈ ਥਾਂ ਅਜੇ ਤੱਕ ਵੀ ਖ਼ਤਮ ਨਹੀਂ ਹੋਏ। ਇਹ ਵਿਨਾਸ਼ ਦੀ ਗੱਲ ਹੈ, ਵਿਕਾਸ ਦੀ ਨਹੀਂ, ਜਿਹੜੀ ਕਾਲੇ ਮਨਾਂ ਵਾਲੇ ਗੋਰੇ ਲੋਕਾਂ ਨੇ ਨਹੀਂ ਹੋਣ ਦਿੱਤੀ। ਇਤਿਹਾਸ ਕਲੰਕਤ ਹੁੰਦਾ ਰਿਹਾ।

ਗੋਰੇ ਵੱਖ-ਵੱਖ ਮੁਲਕਾਂ 'ਚ ਆਪਣੀ ਵਿਰਾਸਤ ਅਜਿਹੇ ਰੂਪ ਵਿੱਚ ਛੱਡ ਗਏ ਕਿ ਆਜ਼ਾਦ ਹੋਏ ਮੁਲਕਾਂ ਦੇ ਆਗੂ ਵੀ ਉਸ ਤੋਂ ਮੁਕਤ ਹੋਣ ਲਈ ਤਿਆਰ ਨਹੀਂ। ਉਹੀ ਚੁਸਤ-ਚਲਾਕੀਆਂ ਅੱਜ ਦੇ ਹਾਕਮ ਵੀ ਕਰੀ ਜਾ ਰਹੇ ਹਨ, ਜਿਨ੍ਹਾਂ ਦਾ ਸ਼ਿਕਾਰ ਉਨ੍ਹਾਂ ਦੇ ਆਪਣੇ ਲੋਕਾਂ ਨੂੰ ਹੀ ਹੋਣਾ ਪੈ ਰਿਹਾ। ਗੋਰੇ ਰੰਗ ਵਾਲਿਆਂ ਦੀ ਈਰਖਾ, ਗੁੱਸਾ ਅਤੇ ਚੁਸਤ-ਚਲਾਕੀਆਂ ਦੀ ਤਾਂ ਸਮਝ ਆ ਰਹੀ ਸੀ, ਪਰ ਹੁਣ ਕਾਲੇ ਅੰਗਰੇਜ਼ਾਂ ਦੀ ਤਾਂ ਸਮਝ ਹੀ ਨਹੀਂ ਪੈ ਰਹੀ, ਜੋ ਆਪਣੇ ਮੁਲਕ ਦੇ ਲੋਕਾਂ ਨੂੰ ਹੀ ਬੁੱਧੂ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ। ਲੋਕਤੰਤਰ ਠੀਕ ਹੈ, ਪਰ ਲੋਕਤੰਤਰ ਦੀ ਭਾਵਨਾ ਕਾਇਮ ਨਹੀਂ, ਜਿਸ ਕਰਕੇ ਕੰਮ ਲੀਹ 'ਤੇ ਨਹੀਂ ਚੱਲ ਰਹੇ।

ਗੋਰੇ ਲੋਕਾਂ ਨੇ ਹਾਕਮ ਬਣ ਕੇ ਜਿਹੜੇ ਕਾਲੇ ਕੰਮ ਕੀਤੇ, ਉਹ ਦੁਨੀਆ ਦੇ ਇਤਿਹਾਸ ਵਿੱਚ ਬਦਨੁਮਾ ਧੱਬੇ ਹਨ, ਜਿਹੜੇ ਮਿਟਾਏ ਨਹੀਂ ਜਾ ਸਕਦੇ। ਬਹੁਤ ਸਾਰੇ ਦੇਸ਼ਾਂ ਵਿੱਚ ਉਹ ਥਾਵਾਂ ਵੀ ਸੰਭਾਲ ਕੇ ਸੁਰੱਖਿਅਤ ਰੱਖੀਆਂ ਗਈਆਂ ਹਨ, ਜਿਹੜੀਆਂ ਗੋਰੇ ਲੋਕਾਂ ਦੇ ਕਾਲੇ ਕੰਮਾਂ ਦੀ ਗਵਾਹੀ ਭਰਨ ਤੋਂ ਮੁਨਕਰ ਨਹੀਂ ਹੋ ਸਕਦੀਆਂ, ਪਰ ਹੁਣ ਦੇ ਹਾਕਮਾਂ ਜਾਂ ਕਾਲੇ ਅੰਗਰੇਜ਼ਾਂ ਨੂੰ ਆਪਣੇ ਮਨ ਗੋਰੇ (ਸਾਫ਼-ਸੁਥਰੇ) ਕਰਨੇ ਚਾਹੀਦੇ ਹਨ ਤਾਂ ਜੋ ਉਹ ਜਿਸ ਸੇਵਾ ਵਾਸਤੇ ਉਹ ਹਕੂਮਤ ਦੇ ਮੈਦਾਨ ਵਿੱਚ ਆਏ ਹਨ, ਉਹ ਆਪਣੇ ਲੋਕਾਂ ਦੀ ਕਰਦੇ ਰਹਿਣ। ਅਜਿਹਾ ਕਰਕੇ ਹੀ ਉਹ ਲੋਕਾਂ ਦੀ ਪ੍ਰਸੰਸਾ ਲੈ ਸਕਣਗੇ।

ਹੁਣ ਵਕਤ ਆ ਗਿਆ ਹੈ ਕਿ ਗੋਰੇ ਲੋਕਾਂ ਦੇ ਗੋਰੇ ਰੰਗ ਨੂੰ ਭੁੱਲਣਾ ਪਵੇਗਾ ਤਾਂ ਹੀ ਹਰ ਰੰਗ ਦੇ ਲੋਕਾਂ ਵਿੱਚ ਭਾਈਚਾਰਾ ਪੈਦਾ ਹੋ ਸਕਦਾ ਹੈ ਅਤੇ ਬਰਾਬਰੀ ਵੀ, ਜਿਸ ਨਾਲ ਇੱਕ-ਦੂਜੇ ਪ੍ਰਤੀ ਨਫ਼ਰਤ, ਈਰਖਾ ਘਟੇਗੀ ਅਤੇ ਮੁਹੱਬਤੀ ਮਾਹੌਲ ਪੈਦਾ ਹੋਵੇਗਾ। ਅੱਜ ਦੇ ਹਾਕਮਾਂ ਨੂੰ ਗੋਰੇ ਹਾਕਮਾਂ ਤੋਂ ਤਾਂ ਹੀ ਵੱਖਰੇ ਅਤੇ ਵਧੀਆ ਸਮਝਿਆ ਜਾ ਸਕਦਾ ਹੈ, ਜੇਕਰ ਉਹ ਫੋਕਾ ਰੋਹਬ-ਦਾਬ ਛੱਡ ਕੇ ਲੋਕ-ਹਿਤ ਦੇ ਕੰਮ ਕਰਨ। ਚੋਣਾਂ ਵੇਲੇ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦੇ ਹੈਂਗਰ 'ਤੇ ਨਾ ਲਟਕਾ ਛੱਡਣ, ਸਗੋਂ ਪੂਰੇ ਕਰਨ ਤਾਂ ਕਿ ਲੋਕਾਂ ਦਾ ਨੇਤਾਵਾਂ ਵਿੱਚ ਵਿਸ਼ਵਾਸ ਵਧ ਸਕੇ।

ਜੇ ਅੱਜ ਦੇ ਹਾਕਮਾਂ ਨੇ ਲੋਕਾਂ ਦੀ ਨਬਜ਼ ਨਾ ਦੇਖੀ ਅਤੇ ਉਨ੍ਹਾਂ ਦੀ ਭਾਵਨਾ ਨਾ ਸਮਝੀ ਤਾਂ ਲੋਕ ਨਾਰਾਜ਼ ਹੋ ਕੇ ਨੇਤਾਵਾਂ ਵਿੱਚ ਬੇਭਰੋਸਗੀ ਪ੍ਰਗਟ ਕਰਨ ਲਈ ਤਿਆਰ ਹੋ ਜਾਣਗੇ, ਜਿਹੜੀ ਦੇਸ਼ ਵਾਸਤੇ ਕਿਸੇ ਤਰ੍ਹਾਂ ਵੀ ਚੰਗੀ ਸਾਬਤ ਨਹੀਂ ਹੋਵੇਗੀ। ਗੋਰੇ ਲੋਕ ਪਰ ਕਾਲੇ ਕੰਮ ਦੇ ਰਾਹ 'ਤੇ ਤੁਰਨਾ ਲੋਕਤੰਤਰ ਨਾਲ ਵੀ ਵਿਸਾਹਘਾਤ ਹੋਵੇਗਾ ਅਤੇ ਲੋਕਾਂ ਨਾਲ ਵੀ। ਇਸ ਲਈ ਅੱਜ ਦੇ ਹਾਕਮ ਆਪੋ ਆਪਣੇ ਮਨਾਂ ਨੂੰ ਗੋਰੇ, ਸਾਫ਼-ਸੁਥਰੇ ਅਤੇ ਨਿਮਰ ਰੱਖਣ ਤਾਂ ਕਿ ਉਹ ਦੇਸ਼ ਦੀ ਤਰੱਕੀ ਕਰਨ ਦੇ ਯੋਗ ਹੋ ਸਕਣ। ਅਜਿਹਾ ਸੰਭਵ ਹੈ, ਜੇ ਉਹ ਗੋਰੇ ਲੋਕ ਪਰ ਕਾਲੇ ਕੰਮ ਨਾ ਕਰਨ।

**ਸਿਆਸਤ ਦਾ ਸ਼ੋਰ**

ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਮੁਲਕ ਭਰ ਦੇ ਸਿਆਸਤਦਾਨ ਚਲਾਕੀਆਂ ਦੇ ਰਾਹ ਪੈ ਜਾਂਦੇ ਹਨ ਤਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਚੋਣਾਂ ਜਿੱਤੀਆਂ ਜਾ ਸਕਣ। ਇਨ੍ਹਾਂ ਦੇ ਬਿਆਨ ਪੜ੍ਹਦਿਆਂ ਅਤੇ ਇਨ੍ਹਾਂ ਨੂੰ ਸੁਣਦਿਆਂ ਇੰਜ ਮਹਿਸੂਸ ਹੋਣ ਲੱਗ ਪੈਂਦਾ ਹੈ, ਜਿਵੇਂ ਸਾਰਾ ਝੂਠ ਅਤੇ ਸਮੁੱਚਾ ਧਰੋਹ ਸਿਆਸਤ ਦੇ ਖੇਤਰ ਵਿੱਚ ਹੀ ਆ ਗਿਆ ਹੋਵੇ। ਇਹ ਕੁਝ ਹੋਣਾ ਨਹੀਂ ਚਾਹੀਦਾ, ਕਿਉਂਕਿ ਆਪਣੇ ਦੇਸ਼ ਅਤੇ ਆਪਣੇ ਲੋਕਾਂ ਨਾਲ ਅਜਿਹਾ ਕਰਨਾ ਹੀ ਨਹੀਂ ਚਾਹੀਦਾ। ਅੱਜ ਦੇਸ਼ ਭਰ ਵਿੱਚ ਸਿਆਸਤ ਦਾ ਸ਼ੋਰ ਹੈ, ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੇ ਨਾਅਰੇ ਹਨ ਅਤੇ ਲਾਲਚਾਂ ਨਾਲ ਭਰੇ ਵਾਅਦੇ।

ਉੱਚ ਕਦਰਾਂ-ਕੀਮਤਾਂ ਕਿੱਲੀ ਟੰਗੀਆਂ ਹੋਈਆਂ ਵੀ ਇਨ੍ਹਾਂ ਹਾਕਮਾਂ ਨੂੰ ਨਜ਼ਰ ਨਹੀਂ ਆਉਂਦੀਆਂ, ਕਿਉਂਕਿ ਇਨ੍ਹਾਂ ਦੀਆਂ ਨਜ਼ਰਾਂ ਵਿੱਚ ਤਾਂ ਸਿਰਫ਼ ਕੁਰਸੀਆਂ ਹੁੰਦੀਆਂ ਹਨ, ਉਥੇ ਨਹੀਂ ਜਾਣ ਦੇਣੀਆਂ ਹੁੰਦੀਆਂ। ਆਮ ਨਜ਼ਰ ਨਾਲ ਦੇਖਿਆਂ ਕੁਰਸੀ ਪ੍ਰਾਪਤ ਕਰ ਲੈਣੀ ਕਾਫ਼ੀ ਨਹੀਂ, ਸਗੋਂ ਕੁਰਸੀ 'ਤੇ ਬੈਠ ਕੇ ਉਸ ਦੇ ਯੋਗ ਹੋਣਾ ਵੱਡੀ ਗੱਲ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਭੁੱਲਣਾ ਨਹੀਂ ਚਾਹੀਦਾ।

ਅੱਜ ਸਿਆਸਤ ਖੁੱਲ੍ਹ ਖੇਲ ਰਹੀ ਹੈ, ਜਿਸ ਵਿੱਚ ਸਾਰੀਆਂ ਹੀ ਪਾਰਟੀਆਂ ਆਪੋ-ਆਪਣਾ ਸ਼ੋਰ ਮਚਾ ਰਹੀਆਂ ਹਨ ਤਾਂ ਕਿ ਗੱਠਜੋੜ ਕੋਈ ਹੋਵੇ, ਪਰ ਜਿੱਤ ਵਾਸਤੇ ਚਾਰਾਜੋਈ ਕੀਤੀ ਜਾ ਸਕੇ। ਰੋਜ਼ ਨਵੇਂ ਗੱਠਜੋੜ ਬਣ ਰਹੇ ਹਨ, ਜਿਨ੍ਹਾਂ ਵਿੱਚ ਨੇਤਾ ਲੋਕਾਂ ਦੀਆਂ ਕਲਾਬਾਜ਼ੀਆਂ ਦੇ ਕੌਤਕਾਂ ਦਾ ਵੇਰਵਾ ਦੇਖਿਆ ਵੀ ਜਾ ਸਕਦੈ ਅਤੇ ਮਾਣਿਆਂ ਵੀ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਗਾਹਕ - ਜਿਹੜੀ ਕਰੀਮ ਤੁਸੀਂ ਸ਼ਰਤੀਆ ਦਿੱਤੀ ਸੀ, ਉਸ ਨਾਲ ਰੰਗ ਗੋਰਾ ਹੋਇਆ ਹੀ ਨਹੀਂ। ਇਹ ਮੋੜੋ, ਨਵੀਂ ਦਿਓ।
ਦੁਕਾਨਦਾਰ - ਬੀਬਾ ਜੀ, ਮਨ ਦੀ ਮੈਲ ਦੂਰ ਕਰੋ ਤਾਂ ਹੀ ਰੰਗ ਗੋਰਾ ਹੋ ਸਕੇਗਾ। ਕਰੀਮ ਤਾਂ ਤੁਹਾਡਾ ਵਹਿਮ ਦੂਰ ਹੀ ਕਰਦੀ ਹੈ ਕਿ ਤੁਸੀਂ ਗੋਰੇ ਹੋ ਰਹੇ ਹੋ, ਕਾਲੇ ਨਹੀਂ ਰਹੇ।


# ਸ਼ਹੀਦ ਭਾਈ ਬਲਵੰਤ ਸਿੰਘ ਖ਼ੁਰਦਪੁਰ ਦੀ ਸ਼ਹਾਦਤ ਸ਼ਤਾਬਦੀ ਅੱਜ ਕਿਸੇ ਨੂੰ ਚਿੱਤ ਚੇਤਾ ਨਹੀਂ

ਅੱਜ ਮਹਾਨ ਸ਼ਹੀਦ ਸਖਸ਼ੀਅਤ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹੀਦੀ ਸ਼ਤਾਬਦੀ ਦਿਵਸ ਹੈ, ਜਿਨਾਂ ਨੂੰ ਸਿੱਖ ਪੰਥ ਨੇ ਜਿਉਂਦੇ ਜੀਅ ਹੀ " ਸਿੰਘ ਸਾਹਿਬ " ਦਾ ਖਿਤਾਬ ਦੇ ਦਿੱਤਾ ਸੀ ਤੇ ਜਿਸ ਨੂੰ ਗਦਰ ਪਾਰਟੀ ਦੇ ਬਾਨੀ ਪਰਧਾਨ ਬਾਬਾ ਸੋਹਣ ਸਿੰਘ ਭਕਨਾ "ਸ਼ਹੀਦਾਂ ਦੇ ਤਾਰਾ ਮੰਡਲ ਦਾ ਚੰਦ" ਆਖਦੇ ਸਨ। ਉਹ ਮਹਾਨ ਸ਼ਹੀਦ ਸਨ ਭਾਈ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ!

ਇਸ ਮਹਾਨ ਸਖਸ਼ੀਅਤ ਦਾ ਕਨੇਡਾ ਅਮਰੀਕਾ ਵਿਚ ਸਿਖੀ ਅਤੇ ਗਦਰ ਲਹਿਰ ਦੇ ਪਰਚਾਰ ਪਰਚਾਰ ਲਈ ਐਡਾ ਕੰਮ ਹੈ ਕਿ ਉਸਨੂੰ ਮਹਾਂ ਨਾਇਕ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ। ਭਾਈ ਸਾਹਬ ਵੈਨਕੋਵਰ ਦਾ ਰੌਸ ਸਟਰੀਟ ਗੁਰਦੁਆਰਾ ਬਣਾਉਣ ਵਾਲੇ ਮੋਢੀਆਂ ਚ ਸਨ। ਖਾਲਸਾ ਦੀਵਾਨ ਵੈਨਕੋਵਰ ਦੇ ਆਗੂ ਤੇ 1908 ਚ ਗੁਰਦੁਆਰੇ ਦੇ ਉਦਘਾਟਨ ਤੋਂ ਹੀ ਗਰੰਥੀ ਦੀ ਸੇਵਾ ਨਿਭਾਈ।

ਬਸਤੀਵਾਦੀਆਂ ਵਲੋਂ ਸਿਖਾਂ ਨੂੰ ਕੱਢਣ ਦੇ ਵਿਰੋਧ ਚ ਹਰ ਸੰਘਰਸ਼ ਦੇ ਮੋਹਰੀ! 1911 ਵਿਚ ਪੰਜਾਬ ਤੋਂ ਪਰਵਾਰ ਲਿਜਾਕੇ ਕਨੇਡਾ ਦੇ ਕਾਨੂੰਨ ਨੂੰ ਚੁਣੌਤੀ! ਵਿਕਟੋਰੀਆ, ਐਬਟਸ ਫੋਰਡ, ਸਟਾਕਟਨ ਦੇ ਗੁਰੂ ਘਰ ਉਸਾਰਨ ਚ ਮੋਢੀ ਭੂਮਿਕਾ। 1913 ਵਿਚ ਭਾਰਤੀਆਂ ਦੇ ਦਾਖਲੇ ਦਾ ਮਸਲਾ ਹੱਲ ਕਰਵਾਉਣ ਲਈ ਲੰਡਨ ਤੇ ਭਾਰਤ ਆਏ ਤਿੰਨ ਮੈਂਬਰੀ ਵਫਦ ਦੇ ਮੋਹਰੀ! ਵਾਇਸਰਾਏ ਹੈਨਰੀ ਹਾਰਡਿੰਗ ਤੇ ਗਵਰਨਰ ਓਡਵਾਇਰ ਨਾਲ ਮੁਲਾਕਾਤਾਂ ਕਰਨ ਵਾਲੇ।

**ਪੰਜਾਬ ਤੋਂ ਅਫਗਾਨਿ-ਸਤਾਨ ਤੱਕ ਅੰਗਰੇਜਾਂ ਵਿਰੁੱਧ ਪਰਚਾਰ**



ਗੁਰੂ ਨਾਨਕ ਜਹਾਜ( ਕਾਮਾਗਾਟਾ ਮਾਰੂ) ਦੇ ਮੁਸਾਫਰਾਂ ਨੂੰ ਕਨੇਡਾ ਵਿਚ ਉਤਾਰਨ ਲਈ ਸਿਰੇ ਤੱਕ ਸੰਘਰਸ਼ 1914 ਵਿਚ ਗਦਰ ਪਾਰਟੀ ਵਲੋਂ ਦੇਸ ਚੱਲਕੇ ਗਦਰ ਕਰਨ ਦਾ ਸੱਦਾ! ਕਨੇਡਾ ਤੋਂ ਤਿੰਨ ਸੌ ਗਦਰੀਆਂ ਸਮੇਤ ਰਵਾਨਾ। ਪਾਰਟੀ ਦੇ ਫੈਸਲੇ ਅਨੁਸਾਰ ਸਿੰਘਾਪੁਰ ਤੋਂ ਦੋ ਧੀਆਂ , ਪੁਤਰ ਤੇ ਪਤਨੀ ਨੂੰ ਪੰਜਾਬ ਰਵਾਨਾ ਕਰਕੇ, ਹਾਂਗਕਾਂਗ, ਸਿਆਮ, ਬਰਮਾ ਤੇ ਸਿੰਘਾਂ ਪੁਰ ਦੇ ਪੂਰਬੀ ਫਰੰਟ ਦੀ ਕਮਾਂਡ ਸੰਭਾਲੀ!

ਪਹਿਲੀ ਅਗਸਤ 1915 ਨੂੰ ਬੰਕਾਕ ਚੋਂ ਗਿਰ-ਫਤਾਰ! ਅੰਗਰੇਜਾਂ ਵਲੋਂ ਅੰਤਾਂ ਦਾ ਤਸ਼ੱਦਦ ਕਰਕੇ ਭੇਤ ਲੈਣ ਦੀ ਕੋਸ਼ਿਸ਼ ਪਰ ਬੇਅਰਥ। ਛੇ ਮਹੀਨੇ ਸਿੰਘਾਪੁਰ ਰੱਖੇ। ਛੇ ਮਹੀਨੇ ਕਲਕੱਤੇ ਦੀ ਅਲੀਪੁਰ ਜੇਲ ਚ ਰੱਖੇ! ਜੁਲਾਈ 1916 ਨੂੰ ਪੰਜਾਬ ਲਿਆਕੇ ਸੈਕਿੰਡ ਸਪਲੀਮੈਂਟਰੀ ਲਹੌਰ ਸਾਜਿਸ਼ ਕੇਸ ਵਿਚ ਸ਼ਾਮਿਲ ਗਦਾਰ ਬੇਲਾ ਸਿੰਘ ਗਵਾਹ ਬਣਿਆ। ਹਾਪਕਿਨਸਨ ਦੀਆਂ ਖੁਫੀਆ ਰਿਪੋਰਟਾਂ ਤੇ ਪੰਜਾਬ ਸੀ.ਆਈ.ਡੀ ਦੀਆਂ ਰਿਪੋਰਟਾਂ ਭੁਗਤਾਈਆਂ ਗਈਆਂ।

ਵਫਦ ਦੇ ਮੋਢੀ ਵਜੋਂ ਆਏ ਨੂੰ ਗਦਰ ਪਾਰਟੀ ਦੀ "ਐਡਵਾਂਸ ਟੀਮ " ਦਾ ਮੁਖੀ ਦੱਸਿਆ ਗਿਆ। ਪੰਜ ਜਨਵਰੀ 1917 ਨੂੰ ਟਿਰਬਿਊਨਲ ਨੇ ਪੰਜ ਹੋਰ ਗਦਰੀਆਂ ਭਾਈ ਕਰਤਾਰ ਸਿੰਘ ਚੰਦ ਨਵਾਂ ( ਮੋਗਾ) ਰੂੜ ਸਿੰਘ ਸੰਘਵਾਲ( ਜਲੰਧਰ) ਹਰਨਾਮ ਨਾਮ੍ਹਾ (ਹੁਸ਼ਿਆਰਪੁਰ) ਬਾਬੂ ਰਾਮ (ਹੁਸ਼ਿਆਰਪੁਰ) ਹਾਫ਼ਿਜ਼ ਅਬਦੁੱਲਾ (ਜਗਰਾਂਓ) ਸਮੇਤ ਫਾਂਸੀ ਦੀ ਸਜ਼ਾ ਸੁਣਾਈ।

ਭਾਈ ਸਾਹਬ ਬਲਵੰਤ ਸਿੰਘ ਨੂੰ 29 ਮਾਰਚ 1917 ਨੂੰ ਲਹੌਰ ਜੇਲ ਵਿਚ ਫਾਂਸੀ ਲਗਾਇਆ ਗਿਆ। ਦੁੱਖ ਦੀ ਗੱਲ ਹੈ ਕਿ ਭਾਈ ਸਾਹਬ ਜੀ ਦੀ ਸ਼ਹੀਦੀ ਬਰਸੀ ਬਾਰੇ ਬਹੁਤ ਘੱਟ ਬੰਦਿਆਂ ਨੂੰ ਪਤਾ ਹੋਵੇਗਾ।

ਏਦਾਂ ਸੌ ਸਾਲਾ ਬਰਸੀ ਚੁੱਪ ਚੁੱਪੀਤੇ ਹੀ ਲੰਘ ਜਾਵੇਗੀ!
"ਨਹੀਂ ਹੋਤਾ ਮੁਹਤਾਜੇ ਨੁਮਾਇਸ਼ ਫੈਜ ਸ਼ਬਨਮ ਕਾ!
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗਲਸ਼ਨ ਮੇਂ!

******

# ਜਾਤ-ਪਾਤ-ਵਿਰੁੱਧ-ਸੰਘਰਸ਼



ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਤਾਜ਼ਾ ਆਦੇਸ਼ ਵਿਚ ਫ਼ੌਜਦਾਰੀ ਕੇਸਾਂ ਦੀ ਕਾਰਵਾਈ ਵਿਚ ਜਾਤ/ਦਰਜੇ ਦਾ ਵੱਖਰੇ ਤੌਰ 'ਤੇ ਜ਼ਿਕਰ ਕਰਨ ਦੀ ਮਨਾਹੀ ਕਰਦਿਆਂ ਕਿਹਾ ਹੈ ਕਿ ਜਾਤKਦਰਜੇ ਦਾ ਜ਼ਿਕਰ ਕਰਨਾ ਬਸਤੀਵਾਦੀ ਯੁੱਗ ਦੀ ਵਿਰਾਸਤ ਹੈ। 1934 ਵਿਚ ਪੰਜਾਬ ਪੁਲੀਸ ਦੇ ਨਿਯਮਾਂ ਵਿਚ ਮੁੱਢਲੀ ਸ਼ਿਕਾਇਤ (ਐੱਫਆਈਆਰ) ਵਿਚ ਸ਼ਿਕਾਇਤਕਰਤਾ ਤੇ ਮੁਲਜ਼ਮ ਦੀ ਜਾਤ ਦੇ ਵਿਸ਼ੇਸ਼ ਜ਼ਿਕਰ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਜਾਤ ਦੇ ਜ਼ਿਕਰ ਨੂੰ ਨਾਮੁਨਾਸਿਬ ਕਰਾਰ ਦਿੰਦਿਆਂ ਕਿਹਾ ਕਿ ਮਾਣ-ਸਨਮਾਨ ਦਾ ਹੱਕ ਮੌਲਿਕ ਤੇ ਮੁੱਢਲਾ ਮਨੁੱਖੀ ਅਧਿਕਾਰ ਹੈ। ਬੈਂਚ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ 'ਜੀਵਨ ਦੇ ਹੱਕ' ਵਿਚ 'ਪੂਰੇ ਮਾਣ-ਸਤਿਕਾਰ ਨਾਲ ਜਿਊਣ ਦਾ ਹੱਕ' ਵੀ ਸ਼ਾਮਲ ਹੈ। ਇਸ ਸਬੰਧ ਵਿਚ ਅਦਾਲਤ ਨੇ ਜਰਮਨੀ ਦੇ ਸੰਵਿਧਾਨ ਦੀ ਉਦਾਹਰਨ ਦਿੱਤੀ ਜਿਸ ਵਿਚ 'ਪੂਰੇ ਮਾਣ-ਸਨਮਾਨ ਨਾਲ ਜਿਊਣ ਦਾ ਹੱਕ' ਸੰਵਿਧਾਨ ਦੀ ਪਹਿਲੀ ਧਾਰਾ ਵਿਚ ਸ਼ਾਮਲ ਹੈ ਅਤੇ ਉਸ ਨੂੰ ਅਟਲKਨਾ-ਉਲੰਘਣਯੋਗ ਸਮਝਿਆ ਜਾਂਦਾ ਹੈ।

ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵੀ ਮਨੁੱਖ ਦੇ ਸਵੈਮਾਣ ਦੀ ਰੱਖਿਆ ਕਰਨ ਬਾਰੇ ਯਕੀਨਦਹਾਨੀ ਕੀਤੀ ਗਈ ਹੈ ਪਰ ਸਾਡੇ ਦੇਸ਼ ਵਿਚ ਵਰਣ ਆਸ਼ਰਮ ਅਤੇ ਜਾਤ ਪਾਤ ਸਦੀਆਂ ਤੋਂ ਚਲੇ ਆ ਰਹੇ ਹਨ। ਇਨ੍ਹਾਂ ਕਾਰਨ ਸਮਾਜ ਬੁਰੀ ਤਰ੍ਹਾਂ ਵੰਡਿਆ ਗਿਆ ਤੇ ਇਸ ਵੰਡ ਨੇ ਸਮਾਜ ਦੀ ਸਾਰੀ ਸ਼ਕਤੀ ਤੇ ਊਰਜਾ ਡੀਕ ਲਈ। ਇਸ ਕੋਝੀ ਵੰਡ ਕਾਰਨ ਕਰੋੜਾਂ ਲੋਕਾਂ ਨੂੰ ਗਿਆਨ ਪ੍ਰਾਪਤੀ ਤੇ ਜਾਇਦਾਦ ਬਣਾਉਣ ਦੇ ਹੱਕਾਂ ਤੋਂ ਵਾਂਝੇ ਰੱਖਿਆ ਗਿਆ। ਕੁਝ ਸਮਾਜਿਕ ਸ਼੍ਰੇਣੀਆਂ ਨੂੰ ਤਥਾਕਥਿਤ ਤੌਰ 'ਤੇ ਨੀਵੇਂ ਗਰਦਾਨਿਆ ਗਿਆ ਅਤੇ ਉਨ੍ਹਾਂ ਨਾਲ ਕੋਝਾ ਵਰਤਾਓ ਕਰਕੇ ਭਾਰੀ ਬੇਇਨਸਾਫ਼ੀ ਕੀਤੀ ਗਈ। ਜਾਗੀਰਦਾਰੀ ਸਮੇਂ ਵਿਚ ਜਾਤੀਵਾਦੀ ਵਿਚਾਰਧਾਰਾ ਹੋਰ ਮਜ਼ਬੂਤ ਹੋਈ ਅਤੇ ਇਸ ਨੂੰ ਦਲਿਤ ਤੇ ਦਮਿਤ ਜਾਤਾਂ ਤੇ ਜਮਾਤਾਂ ਦਾ ਦਮਨ ਕਰਨ ਲਈ ਵਰਤਿਆ ਗਿਆ। ਸਮਾਜ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਜਾਤੀਵਾਦੀ ਸੋਚ ਨੇ ਸਾਡੇ ਮਨਾਂ ਦੀਆਂ ਚੇਤਨ ਤੇ ਅਵਚੇਤਨ ਤਹਿਆਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਇਸ ਲਈ ਅਸੀਂ ਵਰਣ ਆਸ਼ਰਮ ਤੇ ਜਾਤ ਪ੍ਰਬੰਧ ਨੂੰ ਸਮਾਜਿਕ ਸੱਚਾਈ ਵਜੋਂ ਸਵੀਕਾਰ ਕਰ ਲੈਂਦੇ ਹਾਂ ਅਤੇ ਇਸੇ ਅਨੁਸਾਰ ਹੀ ਜ਼ਿੰਦਗੀ ਜਿਊਂਦੇ ਰਹਿੰਦੇ ਹਾਂ ਪਰ ਇੱਥੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਵਿਚਾਰਧਾਰਾ ਜਿੱਥੇ ਦਲਿਤ ਤੇ ਦਮਿਤ ਜਾਤਾਂ ਅਤੇ ਜਮਾਤਾਂ ਦੇ ਲੋਕਾਂ ਦਾ ਦਮਨ ਕਰਦੀ ਹੈ, ਉੱਥੇ ਇਹ ਤਥਾਕਥਿਤ ਉੱਚੀਆਂ ਜਾਤਾਂ ਦੇ ਲੋਕਾਂ ਨੂੰ ਵੀ ਉਨ੍ਹਾਂ ਦੀ ਮਨੁੱਖਤਾ ਤੋਂ ਦੂਰ ਖੜ੍ਹਦੀ ਹੈ; ਉਹ ਇਸ ਦਿਲਾਸੇKਬੇਗ਼ਾਨਗੀ ਅਤੇ ਝੂਠੀ ਹਉਂ ਵਿਚ ਜੀਵੀ ਜਾਂਦੇ ਹਨ ਕਿ ਉਹ ਤਥਾਕਥਿਤ ਉੱਚੀ ਜਾਤ ਦੇ ਹਨ ਅਤੇ ਇਸ ਲਈ ਆਪਣੇ ਆਲੇ-ਦੁਆਲੇ ਦੇ ਭਾਈਚਾਰੇ ਤੋਂ ਉਚੇਰੇ ਹਨ।

ਹਿੰਦੋਸਤਾਨ ਦੇ ਵੱਖ ਵੱਖ ਖ਼ਿੱਤਿਆਂ ਵਿਚ ਇਸ ਸਮਾਜਿਕ ਸਮੱਸਿਆ ਬਾਰੇ ਸੰਘਰਸ਼ ਹੋਇਆ। ਭਿੰਨ ਭਿੰਨ ਪ੍ਰੰਪਰਾਵਾਂ, ਦਰਸ਼ਨ, ਸੋਚ ਪ੍ਰਣਾਲੀਆਂ, ਸਮਾਜਿਕ ਤੇ ਧਾਰਮਿਕ ਲਹਿਰਾਂ ਇਸ ਸਮੱਸਿਆ ਨਾਲ ਜੂਝਦੀਆਂ ਰਹੀਆਂ। ਬੁੱਧ ਤੇ ਜੈਨ ਧਰਮ, ਸਾਂਖ ਦਰਸ਼ਨ, ਅਜੀਵਕ, ਚਾਰਵਕ, ਵੇਦਾਂਤ, ਸ਼ੈਵ ਅਤੇ ਵੈਸ਼ਨਵ ਪੰਥ ਇਸ ਸਮੱਸਿਆ ਨਾਲ ਵੱਖ ਵੱਖ ਤਰੀਕਿਆਂ ਨਾਲ ਜੂਝੇ। ਮੱਧਕਾਲੀਨ ਸਮਿਆਂ ਵਿਚ ਮਹਾਨ ਸਮਾਜਿਕ ਅਤੇ ਧਾਰਮਿਕ ਆਗੂਆਂ, ਜਿਨ੍ਹਾਂ ਵਿਚ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ, ਭਗਤ ਨਾਮਦੇਵ ਜੀ ਅਤੇ ਭਗਤੀ ਲਹਿਰ ਦੇ ਬਹੁਤ ਸਾਰੇ ਸੰਤ ਸ਼ਾਮਲ ਸਨ, ਨੇ ਵਰਣ ਆਸ਼ਰਮ ਤੇ ਜਾਤ ਪਾਤ ਵਿਰੁੱਧ ਆਵਾਜ਼ ਉਠਾਈ। ਸ੍ਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ : 'ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥ ਇਕਨੈ ਭਾਂਡ ਸਾਜਿਐ ਇਕੁ ਚਾਨਣੁ ਤਿਹੁ ਲੋਇ॥' ਇਸ ਤੋਂ ਬਾਅਦ ਵੀ ਸਮਾਜ ਵਿਚ ਇਹ ਸੰਘਰਸ਼ ਚੱਲਦਾ ਰਿਹਾ ਪਰ ਅਸੀਂ ਹੁਣ ਤਕ ਇਸ ਪ੍ਰਥਾ ਤੋਂ ਮੁਕਤ ਨਹੀਂ ਹੋ ਸਕੇ। ਕੁਝ ਸਮਾਜ ਸ਼ਾਸਤਰੀਆਂ ਦਾ ਵਿਚਾਰ ਸੀ ਕਿ ਜਿਉਂ ਜਿਉਂ ਜਾਗੀਰਦਾਰੀ ਨਿਜ਼ਾਮ ਦੀਆਂ ਜ਼ੰਜੀਰਾਂ ਟੁੱਟਣਗੀਆਂ ਤਾਂ ਵਰਣ ਆਸ਼ਰਮ ਤੇ ਜਾਤ ਪਾਤ ਦੀ ਜਕੜ ਵੀ ਢਿੱਲੀ ਪੈਂਦੀ ਜਾਏਗੀ।

ਸੰਵਿਧਾਨ ਨੇ ਛੂਆ-ਛਾਤ ਖ਼ਤਮ ਕੀਤੀ ਅਤੇ ਸਮਾਜਿਕ ਏਕਤਾ ਤੇ ਬਰਾਬਰੀ ਵੱਲ ਵੱਡੇ ਕਦਮ ਪੁੱਟੇ ਗਏ ਪਰ ਜਾਤ ਪਾਤ ਬਾਰੇ ਧਾਰਨਾਵਾਂ ਸਮਾਜਿਕ ਅਵਚੇਤਨ ਵਿਚ ਡੂੰਘੀਆਂ ਬੈਠੀਆਂ ਹੋਈਆਂ ਹਨ। ਇਨ੍ਹਾਂ ਵਿਰੁੱਧ ਹੋਣ ਵਾਲੀ ਜਦੋਜਹਿਦ ਬਹੁਤ ਲੰਮੀ ਹੋਵੇਗੀ। ਹਾਈ ਕੋਰਟ ਵੱਲੋਂ ਦਿੱਤਾ ਗਿਆ ਇਹ ਆਦੇਸ਼ ਅਜਿਹੇ ਹੀ ਸੰਘਰਸ਼ ਦਾ ਹਿੱਸਾ ਹੈ।

Kash
FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-798-8142
Email:
IndiaMarketRoseville@gmail.com



Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

## ਡਾਲਰ

ਡਾਲਰ, ਡਾਲਰ ਕਰਦੀ ਦੁਨੀਆਂ ਜੀਹਨੇ ਪਾਈ ਲੜਾਈ
ਕਦੇ ਕਿਤੇ ਨਾ ਭੁੱਖੇ ਮਰਦੇ ਜਿਹੜੇ ਹੱਥੀਂ ਕਰਨ ਕਮਾਈ
ਸੋਨੇ, ਚਾਂਦੀ ਦੇ ਲੱਤ ਮਾਰਦੇ ਨਾ ਪੈਸੇ ਉਤੇ ਮਰਦੇ
ਨਾ ਲੋੜ ਡਾਲਰਾਂ ਦੀ ਸਾਡੇ ਯਾਰ ਡਾਲਰਾਂ ਵਰਗੇ ...

ਡਾਲਰ ਖਾਤਰ ਮਾਵਾਂ ਨੇ ਕਈ ਆਪਣੇ ਪੁੱਤ ਮਰਾ ਲਏ
ਕਈ ਵਿਗੜੇ ਤਾਂ ਸੂਤ ਨਾ ਆਏ ਕਈਆਂ ਤਲਾਕ ਕਰਾ ਲਏ
ਫਿਰ ਪਛਤਾਇਆਂ ਕੀ ਬਣਦਾ ਨਾ ਘਾਟ ਰਹੇ ਨਾ ਘਰ ਦੇ
ਨਾ ਲੋੜ ਡਾਲਰਾਂ ਦੀ ਸਾਡੇ ਯਾਰ ਡਾਲਰਾਂ ਵਰਗੇ ...

ਕਈ ਬਹਿ ਗਏ ਵੇਚ ਜ਼ਮੀਨਾਂ ਤੇ ਫਿਰ ਹੋ ਬੈਠੇ ਨੇ ਖਾਲੀ
ਹੁਣ ਬੈਠੇ ਰੋਂਦੇ ਕਿਸਮਤ ਨੂੰ ਬੱਸ ਰੱਬ ਉਨ੍ਹਾਂ ਦਾ ਵਾਲੀ
ਧੋਖੇਬਾਜ਼ ਵਿਖਾ ਗਏ ਤਾਰੇ ਉੱਜੜ ਗਏ ਘਰ ਵੱਸਦੇ
ਨਾ ਲੋੜ ਡਾਲਰਾਂ ਦੀ ਸਾਡੇ ਯਾਰ ਡਾਲਰਾਂ ਵਰਗੇ ...

ਕੁੜੀਆਂ ਕਿਹੜਾ ਘੱਟ ਨਹੀਂ ਕਈਆਂ ਰੋਲ ਦਿੱਤੇ ਨੇ ਮਾਪੇ
ਦਫਾ ਕਰੋ ਇਸ ਡਾਲਰ ਨੂੰ ਜੀਹਨੇ ਪਾਏ ਸਭ ਸਿਆਪੇ
ਮਰ ਜਾਣ ਮਾਪੇ ਉਹ ਵੀ ਜਿਹੜੇ ਬੁੱਢਿਆਂ ਦੇ ਸਿਰ ਧਰਦੇ
ਨਾ ਲੋੜ ਡਾਲਰਾਂ ਦੀ ਸਾਡੇ ਯਾਰ ਡਾਲਰਾਂ ਵਰਗੇ ...

ਮੰਗਣ ਨਾਲੋਂ ਮਰੇ ਚੰਗੇ ਨਾ ਹੱਥ ਕਿਸੇ ਅੱਗੇ ਅੱਡੀਏ
ਯਾਰ ਸਾਡੇ ਸਾਰੇ ਰੱਬ ਵਰਗੇ ਨਾ ਮਿੰਨਤ ਕਿਸੇ ਦੀ ਕਰੀਏ
'ਦੇਵ ਘੋਲੀਏ' ਵਾਲੇ ਵਰਗੇ ਨਾਲ ਸਾਡੇ ਸਦਾ ਖੜ੍ਹਦੇ
ਨਾ ਲੋੜ ਡਾਲਰਾਂ ਦੀ ਸਾਡੇ ਯਾਰ ਡਾਲਰਾਂ ਵਰਗੇ।



**– ਦੇਵ ਘੋਲੀਆ ਖੁਰਦ**
559-232-7764

## ਕਾਵਿ ਵਿਅੰਗ
## ਕੈਂਡੀਡੇਟਾਂ ਦੀਆਂ ਕਿਸਮਾਂ

ਚੋਣਾਂ ਲੜਨ ਦਾ ਕਿਸੇ ਨੂੰ ਸ਼ੌਕ ਹੁੰਦਾ
'ਦੋ ਨੰਬਰ' ਦੀ ਮਾਇਆ ਲੁਟਾਉਣ ਦੇ ਲਈ।

ਮਕਸਦ ਹੁੰਦਾ ਏ ਕਿਸੇ ਦਾ ਬੱਸ ਏਨਾ
ਆਪਣੇ 'ਦਲ' ਦਾ 'ਨੱਕ ਬਚਾਉਣ' ਦੇ ਲਈ।

ਕਈ 'ਮੁੱਲ ਪੁਆਉਣ' ਦੀ ਸੋਚ ਲੈਂਦੇ
ਕੋਈ ਆਏਗਾ ਮੈਨੂੰ ਬਿਠਾਉਣ ਦੇ ਲਈ।

ਛਾਏ ਰਹਿਣ ਲਈ ਮੀਡੀਏ ਵਿਚ ਬਹੁਤੇ
ਖੜ੍ਹਦੇ ਵੋਟਾਂ 'ਚ 'ਫੰਡ' ਉਗਰਾਹੁਣ ਦੇ ਲਈ।

ਕਈ ਕਿਸੇ ਦੇ ਚੁੱਕੇ ਹੀ ਆਣ ਖੜ੍ਹਦੇ
ਕਾਨਾਂ ਟਿੰਡ ਦੇ ਵਿਚ ਫਸਾਉਣ ਦੇ ਲਈ।

ਹੁੰਦੇ ਜਾਣਦੇ ਜਿੱਤਣਾ ਨਹੀਂ ਆਪਾਂ
ਲਾਉਂਦੇ ਜੋਰ ਨੇ 'ਕੋਈ' ਹਰਾਉਣ ਦੇ ਲਈ!



**– ਤਰਲੋਚਨ ਸਿੰਘ 'ਦੁਪਾਲਪੁਰ'**
001-408-915-1268

## ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਦੇ ਸਨਮਾਨ 'ਚ ਲੁਧਿਆਣਾ 'ਚ ਪਰਿਵਾਰਕ ਲੇਖਕ ਮਿਲਣੀ

**ਲੁਧਿਆਣਾ–** ਪਹਿਲੀ ਵਿਸ਼ਵ ਜੰਗ ਦੇ ਚਿਤੇਰੇ ਕਲਕੱਤਾ ਵੱਸਦੇ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਦੀ ਪੰਜਾਬ ਫੇਰੀ ਦੌਰਾਨ ਲਧਿਆਣਾ 'ਚ ਸਨਮਾਨਿਤ ਕੀਤਾ ਗਿਆ। ਪਹਿਲੀ ਵਿਸ਼ਵ ਜੰਗ ਦੇ ਦੂਰਗਾਮੀ ਅਸਰ ਬਾਰੇ ਉਹਨਾਂ ਦਾ ਨਾਵਲ ਵਹਿ ਗਏ ਪਾਣੀ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਮੋਹਨ ਕਾਹਲੋਂ ਦੀ ਜਾਣ ਪਛਾਣ ਕਰਵਾਉਂਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਕਾਹਲੋਂ ਸਾਹਿਬ ਗੁਰਦਾਸਪੁਰ ਦੀ ਪਾਕਿਸਤਾਨ 'ਚ ਰਹਿ ਗਈ ਤਹਿਸੀਲ ਸ਼ੱਕਰਗੜ੍ਹ ਦੇ ਰਾਵੀ ਕੰਢੇ ਵੱਸਦੇ ਪਿੰਡ ਟੇਕਾ ਛੰਨੀ ਤੋਂ ਉਜੜ ਕੇ ਪਿੰਡ ਕੋਟ ਸੰਤੋਖ ਰਾਏ (ਗੁਰਦਾਸਪੁਰ) ਆਏ। ਉਹਨਾਂ ਦਾ ਸਾਹਿਤ ਵਿਚ ਪਰਵੇਸ਼ ਕਹਾਣੀ ਸੰਗ੍ਰਹਿ ਰਾਵੀ ਦੇ ਪੱਤਣ ਨਾਲ ਹੋਇਆ ਸੀ। ਇਨ੍ਹਾਂ ਦੇ ਪਹਿਲੇ ਨਾਵਲ ਮਛਲੀ ਇਕ ਦਰਿਆ ਦੀ ਦਾ ਮੁੱਖ ਬੰਧ ਸ਼ਿਵ ਕੁਮਾਰ ਬਟਾਲਵੀ ਨੇ ਕਤਿਾ 'ਚ ਲਿਖਿਆ ਸੀ। ਮੋਹਨ ਕਾਹਲੋਂ ਜੀ ਦੇ ਬੇੜੀ ਤੇ ਬਰੇਤਾ, ਗੋਰੀ ਨਦੀ ਦਾ ਗੀਤ, ਬਾਰਾਂਦਰੀ ਤੇ ਕਾਲੀ ਮਿੱਟੀ ਹੋਰ ਮਹੱਤਵਪੂਰਨ ਨਾਵਲ ਹਨ। ਮੋਹਨ ਕਾਹਲੋਂ ਜੀ ਪਿਛਲੇ 26 ਸਾਲ ਤੋਂ ਕਲਕੱਤਾ 'ਚ ਵੱਸਦੇ ਹਨ ਅਤੇ ਉਥੋਂ ਦੇ ਸਾਹਿਤਕ ਹਲਕਿਆਂ ਦੀ ਸਰਪ੍ਰਸਤੀ ਕਰਦੇ ਹਨ। ਸਥਾਨਕ ਲੇਖਕਾਂ ਪ੍ਰੋ: ਰਵਿੰਦਰ ਭੱਠਲ, ਡਾ. ਗੁਲਜ਼ਾਰ ਪੰਧੇਰ, ਤ੍ਰੈਲੋਚਨ ਲੋਚੀ ਤੇ ਹੋਰਨਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਮੋਹਨ ਕਾਹਲੋਂ ਨੇ ਕਿਹਾ ਕਿ ਪੰਜਾਬੀ ਦੀਆਂ ਚੋਣਵੀਆਂ ਰਚਨਾਵਾਂ ਅੰਗਰੇਜ਼ੀ 'ਚ ਅਨੁਵਾਦ ਕਰਾਉਣਾ ਬਹੁਤ ਜ਼ਰੂਰੀ ਹੈ ਅਤੇ ਪੰਜਾਬੀ ਸਾਹਿਤ ਅਕਾਡਮੀ ਵਰਗੀਆਂ ਮਹਾਨ ਰਵਾਇਤਾਂ ਵਾਲੀਆਂ ਸੰਸਥਾਵਾਂ ਨੂੰ ਇਹ ਕੰਮ ਹੱਥ 'ਚ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇੰਗਲੈਂਡ ਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਤਾਂ ਪਹਿਲੀ ਵਿਸ਼ਵ ਜੰਗ ਬਾਰੇ ਲਿਖੇ ਮੇਰੇ ਨਾਵਲ ਵਹਿ ਗਏ ਪਾਣੀ ਵਿਚ ਦਿਲਚਸਪੀ ਲੈ ਰਹੀਆਂ ਹਨ ਪਰ ਪੰਜਾਬ ਦੇ ਵਿਦਿਅਕ ਹਲਕੇ ਬਹੁਤੀ ਗੌਰ ਨਹੀਂ ਕਰ ਰਹੇ। 86 ਸਾਲਾ ਸ੍ਰੀ ਮੋਹਨ ਕਾਹਲੋਂ ਜਨਵਰੀ 2009 ਤੋਂ ਬਾਅਦ ਹੁਣ ਪੰਜਾਬ ਆਏ ਸਨ। ਸ. ਕਾਹਲੋਂ ਦੇ ਸਪੁੱਤਰ ਤੇ ਭਾਰਤੀ ਪ੍ਰਸ਼ਾਸਨਿਕ ਸੇਵਾ ਵਿਚੋਂ ਬੰਗਾਲ ਕਾਡਰ ਦੇ ਐਡੀਸ਼ਨਲ ਚੀਫ ਸੈਕਟਰੀ ਰਿਟਾਇਰ ਹੋਏ ਰਾਜਪਾਲ ਸਿੰਘ ਕਾਹਲੋਂ ਨੇ ਕਿਹਾ ਕਿ ਉਹ ਆਪਣੇ ਸਹਿਪਾਠੀ ਰਾਣਾ ਨਈਅਰ ਵਰਗੇ ਪ੍ਰਬੁੱਧ ਅਨੁਵਾਦਕਾਂ ਦੀ ਸਲਾਹ ਨਾਲ ਮੋਹਨ ਕਾਹਲੋਂ ਜੀ ਦੇ ਸਭ ਨਾਵਲ



ਅਨੁਵਾਦ ਕਰਵਾਉਣ ਦੀ ਯੋਜਨਾ ਤਿਆਰ ਕਰ ਰਹੇ ਹਨ। ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ ਨੇ ਮੋਹਨ ਕਾਹਲੋਂ ਜੀ ਦੇ ਸੁਝਾਅ ਦਾ ਸਵਾਗਤ ਕੀਤਾ ਤੇ ਕਿਹਾ ਕਿ ਭਾਰਤੀ ਸਾਹਿਤ ਅਕਾਡਮੀ ਤੇ ਹੋਰ ਸੰਸਥਾਵਾਂ ਦੀ ਮਦਦ ਲੈ ਕੇ ਇਹ ਪ੍ਰਾਜੈਕਟ ਸਿਰੇ ਚਾੜ੍ਹਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਮੋਹਨ ਕਾਹਲੋਂ ਜੀ ਨੂੰ ਦੋਸ਼ਾਲਾ ਤੇ ਗੁਲਦਸਤਾ ਭੇਂਟ ਕਰਕੇ ਪ੍ਰੋ. ਗੁਰਭਜਨ ਗਿੱਲ, ਪ੍ਰੋ. ਰਵਿੰਦਰ ਭੱਠਲ, ਤ੍ਰੈਲੋਚਨ ਲੋਚੀ, ਡਾ. ਸੁਰਿੰਦਰ ਕੌਰ ਭੱਠਲ, ਜਸਵਿੰਦਰ ਕੌਰ ਗਿੱਲ ਤੇ ਪ੍ਰੋ. ਸ਼ਰਨਜੀਤ ਕੌਰ ਨੇ ਸਨਮਾਨਿਤ ਕੀਤਾ। ਉਪਰੰਤ ਸ੍ਰੀ ਮੋਹਨ ਕਾਹਲੋਂ ਨੇ ਢੁੱਡੀਕੇ (ਮੋਗਾ) ਵਿਖੇ ਪੰਜਾਬੀ ਨਾਵਲ ਪਿਤਾਮਾ ਸ. ਜਸਵੰਤ ਸਿੰਘ ਕੰਵਲ ਨਾਲ ਮੁਲਾਕਾਤ ਕੀਤੀ ਅਤੇ ਜੀਵਨ ਸ਼ਤਾਬਦੀ ਸੰਪੂਰਨ ਕਰਨ 'ਤੇ ਮੁਬਾਰਕਬਾਦ ਦਿੱਤੀ।

# ਡਾ. ਜਗਤਾਰ ਨੂੰ ਚੇਤੇ ਕਰਦਿਆਂ

ਅੱਜ ਦੇ ਦਿਨ ਡਾ. ਜਗਤਾਰ ਸਾਥੋਂ ਵਿੱਛੜ ਗਏ ਸਨ ਡਾ. ਜਗਤਾਰ ਇਤਿਹਾਸ ਦੀ ਅੱਖ 'ਚ ਝਾਕਦੇ ਸਨ!

ਬੇਔਲਾਦੀ ਜੇਸ ਮਾਂ ਨੇ
ਪਰ ਸੁਹਾਗਣ ਹੁੰਦਿਆਂ ਵੀ ਸੀ ਵਿਧਵਾ ਕਹਾਇਆ
ਸੌ ਤਰ੍ਹਾਂ ਦੀ ਈਨ ਮੰਨ ਕੇ
ਸੌ ਮੁਥਾਜੀ ਨਾਲ ਮੈਨੂੰ ਸੀ ਦਰਾਣੀ ਤੋਂ ਲਿਆ
ਪਾਲਿਆ ਪੋਸਿਆ
ਮੁੜ ਸਕੂਲੇ ਦਾਖਲੇ ਵੇਲੇ
ਭਰੇ ਮਨ ਨਾਲ ਉਸਨੇ
ਮੇਰੀ ਬਲਦੀਅਤ ਦੇ ਖਾਨੇ
ਫੇਰ ਉਸੇ ਪਤੀ ਦਾ ਨਾਂਅ ਲਿਖਾਇਆ
ਤੇ ਸਕੂਲੋਂ ਬਾਹਰ ਆ ਕੇ
ਕਈ ਵਾਰ ਥੁੱਕਿਆ
ਤੇ ਕਈ ਵਾਰ ਮੇਰਾ ਮੂੰਹ ਚੁੰਮਿਆ
ਜਿਸ ਤਰ੍ਹਾਂ ਕੋਈ ਨਿੰਮ ਪੀ ਕੇ
ਪਤਾਸਾ ਮੂੰਹ 'ਚ ਰੱਖਦਾ।

(ਔਰਤ ਦੀ ਹੱਕਤਲਫੀ)

ਇਸ ਕਵਿਤਾ ਦੇ ਜਦੋਂ ਰੂਬਰੂ ਹੁੰਦਾ ਹਾਂ, ਤਾਂ ਅੱਖ ਭਰ ਆਉਂਦੀ ਹੈ। ਡਾ. ਜਗਤਾਰ ਦੀ ਤਮਾਮ ਜ਼ਿੰਦਗੀ ਹਾਦਸਿਆਂ 'ਚ ਗੁਜਰੀ ਹੈ। ਇਸ ਕਵਿਤਾ ਦੀ ਪਿੱਠਭੂਮੀ ਦੇਖੋ ਕਿ ਇਹ ਕਵਿਤਾ ਮਾਤਾ ਲਕਸ਼ਮੀ ਜਿਸਦੇ ਡਾ. ਜਗਤਾਰ ਮੁੱਤਬੰਨੇ ਸਨ, ਉਸਦੇ ਪਤੀ ਅਸਟ੍ਰੇਲੀਆ ਚਲੇ ਗਏ ਸਨ। ਉਹਨਾਂ ਨੇ ਉੱਥੇ ਦੂਜਾ ਵਿਆਹ ਕਰਵਾ ਲਿਆ ਸੀ। ਡਾ. ਜਗਤਾਰ ਹੁਰਾਂ ਦੇ ਮਾਤਾ ਜੀ ਲੇਹ ਲੱਦਾਖੀ ਹੁਸਨ ਦੇ ਮਾਲਿਕ ਸਨ। ਉਹਨਾਂ ਦੇ ਪਿਤਾ ਲੇਹ ਲੱਦਾਖ 'ਚ ਰਹਿੰਦੇ ਸਨ।

ਚਰਖਾ ਕੱਤਦਿਆਂ ਦਰਦੀਲੀ ਆਵਾਜ਼ 'ਚ ਗੀਤ ਗਾਉਣੇ ਤੇ ਰੋਣ ਲੱਗ ਜਾਣਾ। ਜੇਕਰ ਡਗਤਾਰ ਹੁਰਾਂ ਕੁੱਝ ਪੁੱਛਣਾ ਤਾਂ ਸਾਰਾ ਦਰਦ ਪੀ ਜਾਣਾ, ਪਰ ਪੁੱਤ ਨੂੰ ਦੁੱਖ 'ਚ ਸ਼ਰੀਕ ਨਾ ਕਰਨਾ। ਉਸਦਾ ਇੱਕ ਪੁੱਤਰ ਹਜਾਰਾ ਸਿੰਘ ਜਿਸਨੂੰ ਲਹੌਰ ਵਿੱਚ ਕਿਸੇ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ, ਉਹ ਉਹਦੇ ਹਿਰਦੇ 'ਚ ਇੱਕ ਆਵਾਜ਼ ਬਣਕੇ ਗੂੰਜਦਾ ਰਹਿੰਦਾ। ਉਹ ਉਸਨੂੰ ਯਾਦ ਕਰਦਿਆਂ ਆਉਸੀਆਂ ਪਾਉਂਦੀ। ਡਾ. ਜਗਤਾਰ ਦੇ ਕੋਮਲ ਭਾਵੀ ਮਨ 'ਚ ਮਾਂ ਦੇ ਉਸ ਦਰਦ ਦੀ ਟੀਸ ਹਮੇਸ਼ਾ ਲਟ-ਲਟ ਬਲਦੀ ਰਹੀ ਹੈ। ਉਸਦੀ ਹਰ ਕਵਿਤਾ 'ਚ ਪਾਠਕ ਉਸ ਟੀਸ ਨੂੰ ਮਹਿਸੂਸ ਕਰਦਾ ਹੈ। ਕਈ ਕਵਿਤਾਵਾਂ ਤਾਂ ਖਾਸ ਕਰਕੇ ਉਸੇ ਮਰਹਲੇ ਨੂੰ ਬਿਆਨ ਕਰਦੀਆਂ ਨੇ ਸਾਫ-ਸਾਫ-

ਚਿਤਾ ਵਿੱਚ ਮੇਰੀ ਛਾਤੀ ਉੱਤੇ
'ਹਜਾਰੇ' ਦੀ ਤਸਵੀਰ ਰੱਖ ਦੇਵੀਂ
ਕਦੇ ਲਾਹੌਰ ਜਾਵੇਂ ਤਾਂ ਵੇਖੀਂ
ਬਦਾਮੀ ਬਾਗ ਦੇ ਸ਼ਮਸ਼ਾਨ ਘਾਟ ਵਿੱਚ
ਉਸਦੀ ਸਮਾਧ ਅਜੇ ਹੈ
ਤੂੰ ਇਹ ਕੌਲ ਕਰੀਂ ਕਿ ਪਰਵਾਸੀ ਨਹੀਂ ਬਣੇਗਾ
ਪਤਨੀ ਨੂੰ ਤਲਾਕ ਨਹੀਂ ਦੇਵੇਂਗਾ
ਚਿੜੀਆਂ ਦੇ ਆਲਣੇ ਨਹੀਂ ਢਾਵੇਂਗਾ
ਵਿਹੜੇ ਦੇ ਰੁੱਖਾਂ ਨੂੰ ਪਾਣੀ ਪਾਜਉਂਦਾ ਰਹੀਂ
ਤੇ ਫੇਰ ਸਦਾ ਲਈ ਚੁੱਪ ਕਰ ਗਈ
ਪਰ ਉਸਦੀਆਂ ਮੋਈਆਂ ਅੱਖਾਂ 'ਚ ਵੀ ਅਜੇ ਕਿਸੇ ਦੀ ਉਡੀਕ ਜ਼ਿੰਦਾ ਸੀ।

(ਮਾਂ ਦੀ ਵਸੀਅਤ)

ਸ਼ਾਇਦ ਇਹੀ ਕਾਰਣ ਰਿਹਾ ਹੋਣਾ ਕਿ ਡਾ. ਜਗਤਾਰ ਅੰਦਰੋਂ ਹਮੇਸ਼ਾ ਤਰਲ ਹੀ ਰਹੇ। ਉਹ ਬਾਹਰੋਂ ਇੰਜ ਲੱਗਦਾ ਸੀ ਕਿ ਬਹੁਤ ਸਖਤ ਮਿਜਾਜ਼ ਨੇ। ਪਰ ਨਹੀਂ ਉਹਨਾਂ ਜਿਹਾ ਸੰਵੇਦਨਸ਼ੀਲ ਵਿਅਕਤਿਤਵ ਵਿਰਲਾ ਹੀ ਮਿਲਦਾ ਹੈ। ਉਹਨਾਂ ਦੀ ਇਸ ਸੰਵੇਦਨਾ ਦੇ ਦੀਦਾਰ ਸਾਨੂੰ ਉਹਨਾਂ ਦੀਆਂ ਕਵਿਤਾਵਾਂ 'ਚੋਂ ਬਾਖੂਬੀ ਮਿਲ ਜਾਂਦੇ ਨੇ। ਉਹ ਮਾਨਵੀ ਸਰੋਕਾਰਾਂ ਵਾਲੇ ਕਵੀ ਸਨ। ਉਹਨਾਂ ਦੀ ਕਵਿਤਾ ਮਨੁੱਖ ਨੂੰ ਸੰਬੋਧਨ ਹੈ। ਉਹਦੇ ਸਰੋਕਰਾਂ ਨੂੰ ਸੰਬੋਧਨ ਹੈ।

ਜਦੋਂ ਉਹ ਆਪਣੀ ਕਵਿਤਾ 'ਨਿੱਕੇ ਵੱਡੇ ਡਰ' ਰਾਹੀਂ ਧੀਆਂ ਦੇ ਹਵਾਲੇ ਨਾਲ ਸੰਬੋਧਨ ਹੋ ਰਹੇ ਨੇ ਤਾਂ ਭਾਵੇਂ ਗਰਮ ਮਿਜਾਜ਼ ਮਾਹੌਲ ਨੂੰ ਲੈ ਕੇ ਉਹਨਾਂ ਦੇ ਮਨ 'ਚ ਇੱਕ ਡਰ ਵੀ ਪਿਆ ਹੈ, ਪਰ ਫੇਰ ਵੀ ਉਹ ਸੰਬੋਧਨ ਕਰਦਿਆਂ ਲਿਖਦੇ ਨੇ ਕਿ ਪਿੰਡ ਜਾ ਕੇ ਹਰ ਉਹ ਥਾਂ ਦੇਖਣੀ ਹੈ ਜਿਸਦਾ ਸਾਡਾ ਸਿੱਧਾ ਰਾਬਤਾ ਸਾਡੇ ਸੱਭਿਆਚਾਰਕ ਸਾਂਝ ਨਾਲ ਜੁੜਦਾ ਹੈ। ਐਵੇਂ ਕਿਸੇ ਨਾਲ ਵੀ ਅਭਿੱਜ ਨਹੀਂ ਰਹਿਣਾ। ਇਹ ਜੋ ਭਿੱਜਣਾ ਹੈ ਡਗਤਾਰ ਦੀ ਕਵਿਤਾ ਦਾ ਕੇਂਦਰੀ ਬਿੰਦੂ ਹੈ। ਉਹ ਇਕਲਾਪਾ ਹੰਢਾਅ ਰਹੇ ਮਨੁੱਖ ਦੀ ਹੋਣੀ ਵੀ ਸਿਰਜਦਾ ਹੈ, ਪਰੰਤੂ ਉਹਨਾਂ ਵਕਤਾਂ ਨੂੰ ਨਾਲ ਲੈ ਕੇ ਵੀ ਚੱਲਦਾ ਹੈ, ਜਿੱਥੇ ਅਭਿੱਜ ਨਹੀਂ ਰਹਿਣ ਦਾ ਸੂਤਰ ਕਾਰਜਸ਼ੀਲ ਹੈ। ਭਿੱਜਣਾ ਹੀ ਅਸਲ 'ਚ ਜ਼ਿੰਦਗੀ ਜਿਉਣਾ ਹੈ। ਭਿੱਜਣਾ ਹੀ ਕਵੀ ਦਾ ਸਰੋਕਾਰ ਹੈ। ਭਿੱਜਣਾ ਹੀ ਸੱਚਾਈ ਹੈ ਤੇ ਜ਼ਿੰਦਗੀ ਦਾ ਹਾਸਲ ਵੀ।

ਡਾ. ਜਗਤਾਰ ਇਤਿਹਾਸ 'ਚੋਂ ਵਰਤਮਾਨ ਨੂੰ ਪਛਾਨਣ ਵਾਲਾ ਕਵੀ ਹੈ। ਉਹਦੀ ਕਵਿਤਾ ਇਤਿਹਾਸਕ ਹਵਾਲਿਆਂ ਨਾਲ ਗੱਲ ਅੱਗੇ ਤੋਰਦੀ ਹੈ। ਉਹ ਜਦੋਂ ਸੋਮ ਨਾਥ ਦੇ ਮੰਦਰ ਨੂੰ ਲੁੱਟ ਹੁੰਦਿਆਂ ਦੇਖਦਾ ਹੈ ਤਾਂ ਕਵਿਤਾ ਕਹਿੰਦਾ ਹੈ। ਉਹ ਨਕਸਲੀ ਦੌਰ ਬਾਰੇ ਕਵਿਤਾ ਕਹਿੰਦਾ ਹੈ। ਉਹ ਜਿਸ ਵਕਤ ਪੰਜਾਬ ਬਲ਼ ਰਿਹਾ ਸੀ, ਉਸ ਸਮੇਂ ਬਾਰੇ ਕਵਿਤਾ ਕਹਿੰਦਾ ਹੈ। ਇੱਕ ਉਦਾਹਰਨ ਲਈ ਇਹ ਕਵਿਤਾ ਦੇਖੋ-

ਤੁਸੀਂ ਇਸ ਘਰ 'ਚ ਪਹਿਲੀ ਵਾਰ ਜਦ ਆਏ
ਤੁਸੀਂ ਇਸ ਘਰ ਦੇ ਦੀਵੇ ਹੀ ਬੁਝਾ ਕੇ ਤੁਰ ਗਏ ਸੀ
ਬੁਝੇ ਹੋਏ ਦੀਵਿਆਂ ਦਾ ਸੇਕ ਅੱਜ ਵੀ ਦਰਦ ਬਣ ਕੇ
ਘਰ ਦੀਆਂ ਅੱਖਾਂ 'ਚ ਹੈ ਸਰਗੋਸ਼ੀਆਂ ਕਰਦਾ
ਤੁਸੀਂ ਜਦ ਫਿਰ ਆਏ ਘਰ ਦੀਆਂ ਚਿੜੀਆਂ ਨੇ
ਆਤਮਘਾਤ ਕਰਕੇ ਪਾਕ ਦਹਲੀਜਾਂ ਦੀ ਲੱਜ ਰੱਖੀ
ਤੁਸੀਂ ਮਾਵਾਂ ਦੀਆਂ ਬਦਦੁਆਵਾਂ ਤੋਂ ਨਹੀਂ ਕੰਬੇ
ਤੁਸੀਂ ਫੇਰ ਜਦ ਆਏ ਹੋ
ਤੋਤਲੇ ਬੋਲਾਂ ਦੀ ਗੰਧੂਲੀ
ਬਰੂਦੀ ਧੂਏਂ ਦੀ ਬਦਬੋਅ 'ਚ ਡੁੱਬ ਕੇ ਮੁੜ ਨਹੀਂ ਉੱਭਰੀ
ਤੁਸੀਂ ਫਿਰ ਆਏ ਹੋ?
ਮਗਰ ਖੰਡਰਾਤ ਹੋਏ ਘਰ 'ਚ ਹੁਣ ਮੈਂ ਹੀ ਹਾਂ
ਹੁਣ ਮੈਂ ਹੀ ਹਾਂ ਇਕੱਲਾ
ਜਾਂ ਮੇਰੇ ਕੋਲ ਸਰਬੱਤ ਦੇ ਭਲੇ ਦੀ ਹੈ ਦੁਆ ਬਾਕੀ
ਤੁਸੀਂ ਇਸ ਵਾਰ ਖਾਲੀ ਹੀ ਮੁੜੋਗੇ
ਦੁਆ ਨਾ ਕਤਲ ਹੁੰਦੀ ਹੈ
ਦੁਆ ਖੁਦਕਸ਼ੀ ਨਹੀਂ ਕਰਦੀ
ਤੁਸੀਂ ਇਸ ਵਾਰ ਖਾਲੀ ਹੀ ਮੁੜੋਗੇ।
(ਦੁਆ ਕਦੇ ਨਹੀਂ ਮਰਦੀ)



ਡਾ. ਜਗਤਾਰ ਘੁਮੱਕੜੀ ਸਨ। ਭਾਰਤ ਦੇ ਕਿਲਿਆਂ ਬਾਰੇ ਉਹਨਾਂ ਖੋਜ ਕੀਤੀ। ਥਾਂ-ਥਾਂ ਗਏ। ਉੱਥੋਂ ਦੀ ਮਿੱਥ ਨੂੰ ਸਮਝਿਆ, ਇਤਿਹਾਸ ਨੂੰ ਜਾਣਿਆ, ਪਾਤਰਾਂ ਦੀ ਖੋਜ ਕੀਤੀ, ਫੇਰ ਉਹਨਾਂ ਨੂੰ ਕਵਿਤਾ 'ਚ ਪਿਰੋਇਆ। ਉਹ ਦੋਵੇਂ ਪੰਜਾਬਾਂ ਦੇ ਸਾਂਝੇ ਸੱਭਿਆਚਾਰ ਦੇ ਵਾਹਕ ਸਨ। ਡਾ. ਜਗਤਾਰ ਨੂੰ ਪਿਆਰ ਕਰਨ ਵਾਲਿਆਂ 'ਚ ਲਹਿੰਦੇ ਪੰਜਾਬ ਦੇ ਪਾਠਕ ਜ਼ਿਆਦਾ ਹੋਣਗੇ। ਉਹਨਾਂ ਨੇ ਸ਼ਾਮਾਂ ਜੋ ਲਿਖੀਆਂ, ਹੀਰਾ ਮੰਡੀ ਲਾਹੌਰ ਦੀ ਇੱਕ ਸ਼ਾਮ ਉਹਨਾਂ ਦੀ ਸੰਸਾਰ ਪੱਧਰ ਦੀ ਕਵਿਤਾ ਹੈ। ਉਹਨਾਂ ਮਰਸੀਏ ਲਿਖੇ, ਜੋ ਯਾਦਗਾਰੀ ਨੇ। ਉਹਨਾਂ ਆਪਣੀ ਗਜ਼ਲ ਵਿੱਚ ਜਿਹਨਾਂ ਮਸਲਿਆਂ ਨੂੰ ਛੋਹਿਆ, ਪੰਜਾਬੀ ਗਜ਼ਲ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਉਹਨਾਂ ਸੂਫੀਆਂ ਉੱਤੇ ਖੋਜ ਕਾਰਜ ਕੀਤੇ। ਹੀਰ ਦਮੋਦਰ ਉੱਤੇ ਕਾਰਜ ਕੀਤੇ। ਬੁਲੇ ਸ਼ਾਹ ਉੱਤੇ ਖੋਜ ਕਾਰਜ ਕੀਤੇ। ਪ੍ਰਾਚੀਨ ਸਿੱਕਿਆਂ ਦੀ ਜੋ ਉਹਨਾਂ ਕੋਲ ਕੁਲੈਕਸ਼ਨ ਸੀ ਤੇ ਜੋ ਖੋਜ ਸੀ, ਨਿਵੇਕਲੀ ਹੈ। ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਦੇ ਕਾਰਜ ਨੂੰ ਸਲਾਮ ਹੈ।

**– ਮੱਖਣ ਮਾਨ**

# ਕੈਨੇਡਾ ਵੱਸਦੀ ਨਾਵਲਕਾਰ ਹਰਕੀਰਤ ਚਾਹਲ ਦਾ ਨਵਾਂ ਨਾਵਲ ਆਦਮ ਗ੍ਰਹਿਣ ਤੀਸਰੀ ਜਿਨਸ ਬਾਰੇ

ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਪੁਰਾਣੀ ਵਿਦਿਆਰਥੀ ਤੇ ਹੁਣ ਕੈਨੇਡਾ ਵੱਸਦੀ ਪੰਜਾਬੀ ਨਾਵਲਕਾਰ ਹਰਕੀਰਤ ਕੌਰ ਚਾਹਲ ਦਾ ਨਾਵਲ ਆਦਮ ਗ੍ਰਹਿਣ ਤੀਸਰੀ ਜਿਨਸ ਬਾਰੇ ਹੈ।

ਇਸ ਤੋਂ ਪਹਿਲਾਂ ਉਹ ਇੱਕ ਕਹਾਣੀ ਸੰਗ੍ਰਹਿ ਪਰੀਆਂ ਸੰਗ ਪਰਵਾਜ਼ ਤੇ ਦੋ ਨਾਵਲ ਤੇਰੇ ਬਾਝੋਂ ਤੇ ਥੋਹਰਾਂ ਦੇ ਫੁੱਲ ਲਿਖ ਚੁਕੀ ਹੈ। ਅਹਿਮਦਗੜ੍ਹ ਨੇੜੇ ਪਿੰਡ ਖੇੜਾ ਦੀ ਜੰਮੀ ਜਾਈ ਮਾਨਸਾ ਜ਼ਿਲ੍ਹੇ ਦੇ ਡਾ: ਕਿਲਦੀਪ ਸਿੰਘ ਚਾਹਲ ਨਾਲ ਆਹੀ ਹਰਕੀਰਤ ਪੰਜਾਬ ਰਹਿੰਦਿਆਂ ਪਟਿਆਲਾ ਦੇ ਇੱਕ ਪਰਮੁੱਖ ਪਬਲਿਕ ਸਕੂਲ ਦੀ ਪ੍ਰਿੰਸੀਪਲ ਸੀ।

ਬ੍ਰਿਟਿਸ਼ ਕੋਲੰਬੀਆ ਦੇ ਚਿਲੀਬੈਕ ਸ਼ਹਿਰ ਚ ਆਪਣੇ ਪੁੱਤਰ ਧੀ ਤੇ ਪਤੀ ਸਮੇਤ ਰੰਗੀਂ ਵੱਸਦੀ ਕੁਲਵਕਤੀ ਸਾਹਿੱਤ ਸਿਰਜਕ ਹੈ। ਇਸ ਨਾਵਲ ਨੂੰ ਹਰਵਿੰਦਰ ਧਾਲੀਵਾਲ



(ਬਿਲਾਸਪੁਰ) ਤੇ ਤਰਸੇਮ ਗੋਪੀਕਾ ਵਰਗੇ ਹਿੰਮਤੀ ਸਾਥੀਆਂ ਨੇ ਨਵੀਂ ਸ਼ੁਰੂ ਕੀਤੀ ਰਹਾਓ ਪਬਲੀਕੇਸ਼ਨ ਮਧੇ ਰੋਡ ਨਿਹਾਲ ਸਿੰਘ ਵਾਲਾ ਨੇ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਛਾਪਿਆ ਹੈ।

ਅੱਜ ਸ਼ਾਮੀਂ ਸਾਡੇ ਪਰਿਵਾਰ ਨੂੰ ਨਾਵਲ ਭੇਂਟ ਕਰਨ ਆਈ ਤਾਂ ਬਹੁਤ ਗੱਲਾਂ ਹੋਈਆਂ, ਜਿਸ ਦਾ ਜ਼ਿਕਰ ਫੇਰ ਸਹੀ। ਹਾਲ ਦੀ ਘੜੀ ਏਨੀ ਬਾਤ ਹੈ ਕਿ 2 ਅਪਰੈਲ ਨੂੰ ਡਾ: ਦੇਵਿੰਦਰ ਦਿਲਰੂਪ ਦੀ ਅਗਵਾਈ ਹੇਠ ਪੰਜਾਬ ਖੇਤੀ ਯੂਨੀਵਰਸਿਟੀ ਦੇ ਸ਼ਹੀਦ ਭਗਤ ਸਿੰਘ ਵਿਦਿਆਰਥੀ ਭਵਨ ਚ ਯੰਗ ਰਾਈਟਰਜ਼ ਐਸੋਸੀਏਸ਼ਨ ਵੱਲੋਂ ਸਵੇਰੇ 10.30 ਵਜੇ ਇਸ ਨਾਵਲ ਨੂੰ ਲੋਕ ਅਰਪਨ ਕੀਤਾ ਜਾਵੇਗਾ।

ਡਾ: ਐਸ ਪੀ ਸਿੰਘ ਸਾਬਕਾ ਵਾਈਸ ਚਾਂਸਲਰ, ਡਾ: ਰਵਿੰਦਰ ਕੌਰ ਧਾਲੀਵਾਲ ਡਾਇਰੈਕਟਰ ਯੁਵਕ ਭਲਾਈ ਪੀ ਏ ਯੂ, ਬਲਦੇਵ ਸਿੰਘ ਸੜਕਨਾਮਾ, ਜਰਨੈਲ ਸਿੰਘ ਸੇਖਾ ਨਾਵਲਕਾਰ (ਕੈਨੇਡਾ)ਇੰਦਰਜੀਤ ਕੌਰ ਸਿੱਧੂ(ਕੈਨੇਡਾ) ਲੇਖਿਕਾ ਨੂੰ ਅਸ਼ੀਰਵਾਦ ਦੇਣ ਲਈ ਪੁੱਜਣਗੇ। ਮੈਂ ਵੀ ਆਵਾਂਗਾ। ਤੁਸੀਂ ਵੀ ਆਇਓ।

**– ਗੁਰਭਜਨ ਗਿੱਲ**

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



**ਪੱਗਾਂ**
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



**ਸੂਟ**
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

**ਲਾਈਨਿੰਗ**
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing



Prop: Jasbir Singh Takhar
510-755-2132

510- 733- 2222

1421 Industrial PKWY West#F Hayward, CA 94544

Harmandeep Singh

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004



**Cell: 916-628-2210**

**Fax: 916-745-3424**

**Office: 916-285-1000**

Email : Dil.Realtor@gmail.com

2081 Arena Blvd #
100 Sacramento, CA 95834

# Chicago's Pizza with a Twist

Call: 1-209-398-2221





Parvinder Dhesi



Kulwant Sandhu

1471 B St., Unit B, Livingston, CA 95334

# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS

BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND




"$134,000 Indian Restaurant with beer and wine license"




"$599,900 High volume liquor store", "Gross $100k+/Month"




"$649,000 High Volume Liquor Store", "Gross $90k+/Month"




"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

**7412 ELSIE AVE, SACRAMENTO CA 95828**




# ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ

## ਨਿਊਯਾਰਕ (ਯੂ.ਐਸ.ਏ.)

ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਆਫ ਨਿਊਯਾਰਕ ਵੱਲੋਂ 14 ਅਪ੍ਰੈਲ 2019 ਦਿਨ ਐਤਵਾਰ ਨੂੰ

**ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ**
**ਭਾਰਤੀ ਐਜੂਕੇਸ਼ਨ ਦੇ ਜਨਕ ਮਹਾਤਮਾ ਜੋਤੀਬਾ ਫੂਲੇ ਮਹਾਰਾਜ ਜੀ ਅਤੇ**
**ਯੁੱਗ ਪੁਰਸ਼ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦਾ ਜਨਮ ਦਿਨ**

ਬਹੁਤ ਹੀ ਉਤਸ਼ਾਹ ਨਾਲ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।

ਜਿਸ ਵਿੱਚ ਮਿਸ਼ਨਰੀ ਬੁਲਾਰੇ, ਢਾਡੀ ਜਥੇ ਅਤੇ ਪ੍ਰਸਿੱਧ ਕਲਾਕਾਰ ਪਹੁੰਚਣਗੇ ਜੋ ਕਿ ਸਾਡੇ ਸਮਾਜ ਦੇ ਰਹਿਬਰਾਂ ਦੇ ਜੀਵਨ, ਸੰਘਰਸ਼ ਅਤੇ ਸਿਧਾਂਤ ਬਾਰੇ ਚਾਨਣਾ ਪਾਉਣਗੇ। ਆਜ਼ਾਦੀ ਤੋਂ ਬਾਅਦ ਨਿਰੰਤਰ ਸਾਡੇ ਸਮਾਜ ਤੇ ਹੋ ਰਹੀ ਧੱਕੇਸ਼ਾਹੀ ਨੂੰ ਰੋਕਣ ਵਾਸਤੇ ਮਿਸ਼ਨ 2019 ਲਈ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਬਣਾਉਣਾ ਬਹੁਤ ਹੀ ਜ਼ਰੂਰੀ ਹੈ। ਆਜ਼ਾਦ ਭਾਰਤ ਦੀ ਆਜ਼ਾਦ ਕੌਮ ਕਿੰਨਾ ਚਿਰ ਹੋਰ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੀ ਰਹੇਗੀ।ਜੇਕਰ ਇਹਨਾਂ ਜੰਜ਼ੀਰਾਂ ਨੂੰ ਤੋੜਨਾ ਚਾਹੁੰਦੇ ਹੋ ਤਾਂ ਆਓ ਬਹੁਜਨ ਸਮਾਜ ਪਾਰਟੀ ਦਾ ਤਨੋ, ਮਨੋ ਅਤੇ ਧਨੋ ਸਾਥ ਦਿਓ।ਸੋ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪ ਪਰਿਵਾਰਾਂ ਸਮੇਤ ਪਹੁੰਚੋ ।

ਅਸੀਂ ਆਪ ਜੀ ਦੇ ਬਹੁਤ ਹੀ ਧੰਨਵਾਦੀ ਹੋਵਾਂਗੇ।



**ਪ੍ਰੇਮ ਕੁਮਾਰ ਚੁੰਬਰ**
ਸੰਪਾਦਕ: 'ਅੰਬੇਡਕਰ ਟਾਈਮਜ਼' (ਅੰਗਰੇਜ਼ੀ)
'ਦੇਸ਼ ਦੁਆਬਾ' (ਹਫਤਾਵਾਰੀ ਪੰਜਾਬੀ)

**ਪਹੁੰਚ ਰਹੇ ਕਲਾਕਾਰ**



ਲਖਵਿੰਦਰ ਲੱਕੀ | ਸੀਮਾ ਮੱਟੂ | ਰਮਨਦੀਪ ਕਲਸੀ



ਢਾਡੀ ਜਥਾ ਮੋਹਣ ਸਿੰਘ ਭੜਾਣਾ ਤੇ ਸਾਥੀ

**Sponsor:** Charanjit Singh (Jhally)
jhally & Jhally construction company of ny,

**Speakers:**
* Prem Kumar Chumber
* BACHCHU LAL, PHD JOHNS HOPKINS UNIVERSITY DR. AMBEDKAR NRI ASSOCIATION
* B.R Gautam
* Tajwinder Khalsa

* Harmesh Bharsinghpuri
  (Ex state General secretory BSP punjab & Founder of BSP Smarthak Unit, NY)
* Chairman: Gurdial Singh
* Incharge: Parmjit Singh & Ram Saroop
* President: Harblas Lalli
* General Secretory: Harjinder Kumar
* Cashier: Master Kirpal Singh
* Senior Vice President: Ashwani Kumar
* 2nd Cashier: Vijay Ghera

**Date:** 14th April 2019, Sunday
**Time:** 11am-5pm
**Venue:** Five Star Banquet
**Address:**
13-05 43rd Ave, Long Island City, NY 11101

ਹੋਰ ਜਾਣਕਾਰੀ ਵਾਸਤੇ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਹਰਜਿੰਦਰ ਕੁਮਾਰ 347-614-8026, ਪਰਮਜੀਤ ਸਿੰਘ 347-545-8224

**Organizations support :-**
* Shri Guru Ravidass welfare society of NY
* Maharishi Bhagwan Balmik society of NY
* Dr, Ambedkar NRI association of America
* INDO American heritage foundation of NY
* AR helping hands NY

**Supporters**
* Santokh bangay, Balvinder Bhaura,
* Kulwinder Singh mahay, Paramjit Phillaur,
* Ramesh Singh, Manohar Kaler, Bhola Kaler,
* Makhan Singh Lotia, Chaman
* Lal Thapper, Surmit Sahota, JPR